FARM AND SPICE

Open 7 Days a Week
8.30 am to 9.00 pm

SPECIAL OFFERS: 21 - 27 APR

Daily Specials on

ਯੈਲੋ/ਓਰੇਂਜ/ਰੈਡ ਪੈਪਰ
Yellow/Orange/Red Pepper
99¢ /lb

ਗਾਜਰ
Carrot Snaptop
99¢ /lb

ਪੱਤਾ ਗੋਬੀ
Cabbage
99¢ /lb

ਸ਼ਿਮਲਾ ਮਿਰਚ
Green Pepper
99¢ /lb

ਚੁਕੰਦਰ
Beets
99¢ /lb

ਖੀਰਾ
Cucumber English
$1.29 each

ਸੰਤਰਾ ਛੋਟਾ/ਵਡਾ
Orange Small/Large
$1.29 /lb

ਸ਼ਕਰਕੰਦੀ
Red Yams/Sweet Potato
$1.29 /lb

ਲਸਣ
Garlic 3's
49¢ each

ਹਰੇ ਪਿਆਜ
Green Onion
69¢ each

ਫੂਜੀ ਸੇਬ
Fuji Apple
$1.49 /lb

ਕਾਸਮਿਕ ਕ੍ਰਿਸਪ ਸੇਬ
Cosmic Crisp Apple
$1.49 /lb

ਐਂਬ੍ਰੋਸੀਆ ਸੇਬ
Ambrosia Apple
$1.49 /lb

ਏਸ਼ੀਅਨ ਪੀਅਰਜ਼
Asian Pears
$1.49 /lb

ਸੈਲਰੀ
Celery
$1.99 each

ਜੰਬੋ ਬੈਂਗਣ
Eggplant Jumbo
$1.99 each

ਛੋਟਾ ਬੈਂਗਣ
Small Egg Plant
$1.99 /lb

ਡ੍ਰੈਗਨ ਫਰੂਟ
Dragon Fruit
$2.99 each

ਲਾਲ ਅੰਗੂਰ
Red Grapes
$2.99 /lb

ਖਰਬੂਜਾ
Cantaloupe
$3.49 /lb

ਟਾਟਾ ਨਮਕ
Tata Salt
99¢ each

ਸੋਹਣਾ ਸਾਗ
Sohna Sarson Ka Saag
850g
$2.99 each

ਰੂਹਅਫਜ਼ਾ
Hamdard Roohafza Pakistani
800ml
$3.99 each

ਸ਼ੇਰ ਦਾਲਾਂ
Sher Lentils
Moong Beans Whole/ Moong Dal Washed/ Urad Dal/Chick peas
4lb
$4.99 each

ਸ਼ੇਰ ਵੇਸਣ
Sher Besan
4lb
$3.99 each

ਪਚਰੰਗਾ ਸ਼ੱਕਰ
Pachranga Punjabi Shakkar
1kg
$3.99 each

AMA Products at lowest Price

Disposable Spoons
20pcs
$1.29 each

7' Round Plates
40pcs
$3.99 each

9 oz paper cups
50pcs
$3.99 each

6 Compartment trays
40pcs
$9.99 each

ਪਾਰਲੀਮੈਂਟ ਚਾਵਲ
Parliament Rozana Basmati Rice
8 lb
$7.99 each

ਹੀਰ ਖੰਡ
Heer Sugar Brown/White
8 lb
$7.99 each

ਰੈਡ ਲੇਬਲ ਚਾਹ
Red Label Round Tea Bags
216Bags
$9.99 each

A+Plus
A+Plus asstd. pulses 1kg
50% OFF

Mangoes available at both locations

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last


Follow Me:
ਖਾਲਸਾ ਸਾਜਨਾ ਦਿਵਸ ਅਤੇ
ਵਿਸਾਖੀ ਦੀ ਆਪ ਸਭ ਨੂੰ
ਲੱਖ-ਲੱਖ ਵਧਾਈ
BALRAM BALI
MASTER CHEF
TAKE OUT & CATERING
FOR ALL OCCASION
Private Functions
Corporate Events
Holiday Parties
Live Tandoor
Gurdwara
604-862-1733

# ਸਿੱਖ ਮੋਟਰਸਾਈਕਲ ਕਲੱਬ

## ਦੇ ਸਮੂਹ ਮੈਂਬਰਾਂ ਵੱਲੋਂ

## ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀ

# ਲੱਖ ਲੱਖ ਵਧਾਈ



# ‘ਨਰਿੰਦਰ ਮੋਦੀ ਨੂੰ ਕਸ਼ਮੀਰ ਦੀਆਂ ਅਸਲ ਸਮੱਸਿਆਵਾਂ ਦੀ ਕੋਈ ਜਾਣਕਾਰੀ ਨਹੀਂ’


ਨਵੀਂ ਦਿੱਲੀ: ਪੱਤਰਕਾਰ ਕਰਨ ਥਾਪਰ ਨਾਲ ਗੱਲਬਾਤ ਕਰਦਿਆਂ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਸ਼ਮੀਰ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਹ ਤਾਂ ਆਪਣੇ ਆਪ ਵਿਚ ਮਸਤ ਹਨ।ਕਰਨ ਥਾਪਰ ਨੇ ਪੁੱਛਿਆ ਕਿ ਉਹ ਅੱਜ ਦੀ ਤਰੀਕ ਵਿੱਚ ਪ੍ਰਧਾਨ ਮੰਤਰੀ ਬਾਰੇ ਕੀ ਸੋਚਦੇ ਹਨ।ਮਲਿਕ ਨੇ ਜਵਾਬ ਦਿੱਤਾ, ‘ਮੇਰੀ ਉਸ ਬਾਰੇ ਉਹੀ ਰਾਏ ਨਹੀਂ ਹੈ ਜੋ ਪੂਰੀ ਦੁਨੀਆ ਦੀ ਹੈ। ਜਦੋਂ ਵੀ ਅਸੀਂ ਕਸ਼ਮੀਰ ਬਾਰੇ ਗੱਲ ਕੀਤੀ ਤਾਂ ਮੋਦੀ ਦੇ ਗਿਆਨ ਦਾ ਪੱਧਰ ਬਹੁਤ ਨੀਵਾਂ ਸੀ। ਉਦਾਹਰਣ ਵਜੋਂ, ਮੈਂ ਇੱਕ ਵਾਰ ਉਸਨੂੰ ਕਿਹਾ ਸੀ ਕਿ ਇੱਥੇ ਅਸਲ ਸਮੱਸਿਆ ਜਮਾਤ ਦੀ ਹੈ। ਉਸਨੂੰ ਉਸਦੀ ਪਰਵਾਹ ਵੀ ਨਹੀਂ ਸੀ। ਉਨ੍ਹਾਂ ਕਿਹਾ ਇਸ ‘ਤੇ ਨੋਟ ਦਿਓ, ਮੈਂ ਵੀਹ ਪੰਨਿਆਂ ਦਾ ਨੋਟ ਦਿੱਤਾ ਪਰ ਉਨ੍ਹਾਂ ਨੇ ਇਸ ‘ਤੇ ਕੋਈ ਕਾਰਵਾਈ ਨਹੀਂ ਕੀਤੀ। ਹਾਂ, ਅਮਿਤ ਸ਼ਾਹ ਨੇ ਕੀਤਾ। ਉਹ ਅਜੇ ਵੀ ਕਰ ਰਹੇ ਹਨ। ਜਮਾਤ ਬਹੁਤ ਤਾਕਤਵਰ ਹੈ, 20-30 ਫੀਸਦੀ ਮੁਲਾਜ਼ਮ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਕੋਲ ਵਧੀਆ ਜਾਇਦਾਦਾਂ ਹਨ,ਵੱਡੀਆਂ ਮਸਜਿਦਾਂ ਹਨ।ਥਾਪਰ ਹੈਰਾਨੀ ਨਾਲ ਪੁੱਛਦੇ ਹਨ ਕਿ ਪ੍ਰਧਾਨ ਮੰਤਰੀ, ਜੋ ਕਿ ਬਹੁਤ ਗਿਆਨਵਾਨ ਹੋਣ ਦਾ ਦਾਅਵਾ ਕਰਦਾ ਹੈ, ਉਹ ਅਣਜਾਣ ਹੈ!ਇਸ ‘ਤੇ ਮਲਿਕ ਕਹਿੰਦੇ ਹਨ, ‘ ਬੇਸਮਝ ਬੰਦਾ ਹੈ ਨੂੰ ਕਸ਼ਮੀਰ ਦੀ ਅਸਲ ਸਮੱਸਿਆ ਦਾ ਕੋਈ ਪਤਾ ਨਹੀਂ । ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਹੁਰੀਅਤ ਕਿਵੇਂ ਕੰਮ ਕਰ ਸਕਦੀ ਹੈ। ਮੈਂ (ਮਲਿਕ) ਕਸ਼ਮੀਰ ਜਾਂਦੇ ਹੀ ਇੰਟਰਵਿਊ ਦਿੱਤੀ, ਇੰਡੀਅਨ ਐਕਸਪ੍ਰੈਸ ਵਿੱਚ ਛਪੀ। ਮੈਂ ਕਿਹਾ ਸੀ ਕਿ ਕਸ਼ਮੀਰ ਦੀਆਂ ਸਾਰੀਆਂ ਸਮੱਸਿਆਵਾਂ ਕਸ਼ਮੀਰੀਆਂ ਨੇ ਨਹੀਂ, 50 ਫੀਸਦੀ ਦਿੱਲੀ ਨੇ ਪੈਦਾ ਕੀਤੀਆਂ ਹਨ। ਫਿਰ ਹੁਰੀਅਤ ਦੇ ਮੁਖੀ ਨੇ ਬਿਆਨ ਦਿੱਤਾ ਕਿ ਗਵਰਨਰ ਨੇ 50 ਫੀਸਦੀ ਸਹੀ ਕਿਹਾ ਹੈ। ਮੈਂ ਹੁਰੀਅਤ ਨੂੰ 50 ਦਿਲੀ ਠੀਕ ਕਰ ਲਵੇ ਅਤੇ 50 ਕਸ਼ਮੀਰੀ ਸਹੀ ਕਰ ਲੈਣ ਸਮੱਸਿਆ ਹੱਲ ਹੋ ਜਾਵੇਗੀ।

# ਪ੍ਰਧਾਨ ਮੋਦੀ ਅਤੇ ਡੋਵਾਲ ਨੂੰ ਪੁਲਵਾਮਾ ਹਮਲੇ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ: ਸਾਬਕਾ ਭਾਰਤੀ ਫੌਜ ਮੁਖੀ

ਨਵੀਂ ਦਿੱਲੀ: ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ (ਸੇਵਾਮੁਕਤ) ਸ਼ੰਕਰ ਰਾਏਚੌਧਰੀ ਨੇ ਕਿਹਾ ਕਿ ਪੁਲਵਾਮਾ ਅੱਤਵਾਦੀ ਹਮਲੇ ਵਿੱਚ ਸੀਆਰਪੀਐਫ ਜਵਾਨਾਂ ਦੀ ਮੌਤ ਦੀ ਮੁੱਢਲੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਸਰਕਾਰ ਦੀ ਹੈ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਹੈ ਜੋ ਸਰਕਾਰ ਨੂੰ ਸਲਾਹ ਦਿੰਦਾ ਹੈ।

ਉਸ ਨੇ ਕਿਹਾ ਕਿ ਐਨਐਸਏ ਅਜੀਤ ਡੋਭਾਲ ਨੂੰ ਵੀ ਹਮਲੇ ਪਿੱਛੇ ਖੁਫੀਆ ਅਸਫਲਤਾ ਲਈ “ਆਪਣੇ ਹਿੱਸੇ ਦਾ ਦੋਸ਼” ਲੈਣਾ ਚਾਹੀਦਾ ਹੈ।ਜਨਰਲ ਸ਼ੰਕਰ ਰਾਏਚੌਧਰੀ ਨੇ ਕਿਹਾ ਕਿ ਨੈਸ਼ਨਲ ਹਾਈਵੇਅ ‘ਤੇ ਚੱਲਣ ਵਾਲੇ ਸਾਰੇ ਵੱਡੇ ਵਾਹਨਾਂ ਅਤੇ ਕਾਫਲਿਆਂ ‘ਤੇ ਹਮਲੇ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਜਿਸ ਖੇਤਰ ‘ਚ ਪੁਲਵਾਮਾ ਅੱਤਵਾਦੀ ਹਮਲਾ ਹੋਇਆ ਸੀ, ਉਹ ਹਮੇਸ਼ਾ ‘ਜੋਖਮ ਵਾਲਾ ਇਲਾਕਾ’ ਰਿਹਾ ਹੈ।ਉਸਨੇ ਅੱਗੇ ਕਿਹਾ, “ਫੇਲ ਹੋਣ ਦਾ ਕੋਈ ਦਾਅਵੇਦਾਰ ਨਹੀਂ ਹੈ।

# ਕਸ਼ਮੀਰੀ ਲੋਕ ਇੱਕਜੁੱਟ ਹੋਣ:ਫਰੂਖ ਅਬਦੁੱਲਾ



ਸ੍ਰੀਨਗਰ- ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਭਾਰਤ ਵਿਚ ਮੋਦੀ ਦੀ ਅਗਵਾਈ ਵਾਲੀ ਸਰਕਾਰ ਦਾ ਨਾਂ ਲਏ ਬਿਨਾਂ ਕਸ਼ਮੀਰੀ ਲੋਕਾਂ ਨੂੰ ਉਨ੍ਹਾਂ ਦੀ ਪਛਾਣ, ਜ਼ਮੀਨ ਅਤੇ ਵਸੀਲਿਆਂ ਤੋਂ ਵਾਂਝੇ ਕਰਨ ਦੀ ਕੋਸ਼ਿਸ਼ ਕਰ ਰਹੀਆਂ ਫੁੱਟ ਪਾਊ ਤਾਕਤਾਂ ਵਿਰੁੱਧ ਇਕਜੁੱਟ ਹੋਣ ਲਈ ਕਿਹਾ ਹੈ।ਪਾਰਟੀ ਕਾਰਜਕਰਤਾਵਾਂ ਨੂੰ ਉਤਸ਼ਾਹਿਤ ਕਰਦੇ ਹੋਏ, ਡਾ ਫਾਰੂਕ ਨੇ ਕਿਹਾ, “ਮੈਨੂੰ ਸਾਡੇ ਸਮਾਜ ਦੇ ਵੱਖ-ਵੱਖ ਵਰਗਾਂ ਵਿਚਕਾਰ ਸਥਾਈ ਏਕਤਾ ਤੋਂ ਬਿਨਾਂ ਜੰਮੂ-ਕਸ਼ਮੀਰ ਨੂੰ ਬਚਾਉਂਣ ਦਾ ਕੋਈ ਤਰੀਕਾ ਨਹੀਂ ਦਿਖਦਾ। ਅਨੇਕਤਾ ਵਿੱਚ ਏਕਤਾ ਹਰ ਸਮੇਂ ਅਤੇ ਹਰ ਹਾਲਾਤ ਵਿੱਚ ਕਾਇਮ ਰਹਿਣ ਲਈ ਸਾਡਾ ਸਿਧਾਂਤ ਹੋਣਾ ਚਾਹੀਦਾ ਹੈ, ਨਹੀਂ ਤਾਂ ਗਰੀਬੀ, ਬੇਰੁਜ਼ਗਾਰੀ ਦੇ ਰੂਪ ਵਿੱਚ ਸਾਡੀਆਂ ਸਾਂਝੀਆਂ ਸਮੱਸਿਆਵਾਂ ਦਾ ਕੋਈ ਅੰਤ ਨਹੀਂ ਹੈ।“ਸਾਡੇ ਦੁਸ਼ਮਣ ਸਾਡੀ ਆਵਾਜ਼ ਨੂੰ ਟੁਕੜੇ-ਟੁਕੜੇ ਕਰਨ ਲਈ ਗੁਪਤ ਅਤੇ ਗੁਪਤ ਸਾਜ਼ਿਸ਼ਾਂ ਰਾਹੀਂ ਲੋਕਾਂ ‘ਤੇ ਹੋਰ ਸਿਆਸੀ ਪਾਰਟੀਆਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।ਅਸੀਂ ਸਾਰੀਆਂ ਚਾਲਾਂ ਦੇ ਵਿਰੁੱਧ ਲੜਾਂਗੇ, ਜੋ ਲੜਾਈ ਅਸੀਂ ਲੜ ਰਹੇ ਹਾਂ ਉਸ ਲਈ ਸਾਨੂੰ ਇਕਜੁੱਟ ਰਹਿਣ ਦੀ ਲੋੜ ਹੈ।

# ਆਰ ਸੀ ਐਮ ਪੀ ਬਾਰੇ ਗੁੰਮਰਾਹਕੁੰਨ ਬਿਆਨ ਲਈ ਬਰੈਂਡਾ ਲੌਕ ਤੋਂ ਅਸਤੀਫੇ ਦੀ ਮੰਗ



ਸਰੀ:ਸਰੀ ਦੀ ਮੇਅਰ ਬਰੈਂਡਾ ਲੌਕ ਵਲੋਂ ਇਹ ਦਾਅਵਾ ਕਰਨ ਕਿ ਮੈਟਰੋ ਵੈਨਕੂਵਰ ਦੀ ਮੇਅਰਜ਼ ਕਮੇਟੀ ਸਰੀ ਵਿਚ ਆਰ ਸੀ ਐਮ ਪੀ ਰੱਖੇ ਜਾਣ ਦੇ ਪੱਖ ਵਿਚ ਹੈ, ਦਾ ਡੈਲਟਾ ਮੇਅਰ ਜਾਰਜ ਹਾਰਵੀ ਦੁਆਰਾ ਖੰਡਨ ਕੀਤੇ ਜਾਣ ਦੇ ਬਾਵਜੂਦ ਵੀ ਉਹ ਆਪਣੇ ਬਿਆਨ ਉਪਰ ਕਾਇਮ ਹੈ।ਪਿਛਲੇ ਹਫ਼ਤੇ ਸਿਟੀ ਆਫ਼ ਸਰੀ ਵੱਲੋਂ ਇੱਕ ਪ੍ਰੈਸ ਰਿਲੀਜ਼ ਜਾਰੀ ਕਰਨ ਤੋਂ ਬਾਅਦ ਲੌਕ ਖਿਲਾਫ ਸਿਆਸੀ ਤੂਫਾਨ ਉਠ ਖੜਾ ਹੋਇਆ ਹੈ।ਡੈਲਟਾ ਮੇਅਰ ਹਾਰਵੀ ਨੇ ਸਪੱਸ਼ਟ ਕੀਤਾ ਹੈ ਕਿ ਉਹਨਾਂ ਦੇ ਮਤੇ ਦਾ ਹਰਗਿਜ਼ ਇਹ ਅਰਥ ਨਹੀ। ਉਹਨਾਂ ਦਾ ਉਦੇਸ਼ ਇਹ ਸੀ ਕਿ ਅਸੀਂ ਲੰਬੇ ਸਮੇਂ ਤੋਂ ਉਡੀਕ ਕਰ ਰਹੇ ਸੀ। ਇਹ ਨਾ ਸਿਰਫ਼ ਸਰੀ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਇਸ ਦੇ ਪੁਲਿਸ ਕਾਰਜਾਂ ਦੇ ਰੂਪ ਵਿੱਚ ਡੈਲਟਾ ਸਮੇਤ ਹੋਰ ਨਗਰਪਾਲਿਕਾਵਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਡੈਲਟਾ ਮਤੇ ਦਾ ਉਦੇਸ਼ ਪ੍ਰੀਮੀਅਰ ਅਤੇ ਸਾਲਿਸਟਰ ਜਨਰਲ ਨੂੰ ਤੁਰੰਤ ਫੈਸਲਾ ਲੈਣ ਲਈ ਕਹਿਣਾ ਸੀ। ਸਾਡੇ ਆਪਣੇ ਅਧਿਕਾਰ ਖੇਤਰਾਂ ਤੋਂ ਇਲਾਵਾ ਹੋਰ ਅਧਿਕਾਰ ਖੇਤਰਾਂ ਵਿੱਚ ਪੁਲਿਸਿੰਗ ਦੇ ਸਬੰਧ ਵਿੱਚ ਸਾਡੇ ਕੋਲ ਕੋਈ ਆਦੇਸ਼ ਨਹੀਂ ਹੈ ਇਸ ਲਈ ਇਹ ਕਹਿਣ ਤੋਂ ਇਲਾਵਾ ਹੋਰ ਕੁਝ ਕਰਨ ਦਾ ਇਰਾਦਾ ਨਹੀਂ ਸੀ ਕਿ ਸਾਨੂੰ ਇਸ ਦੇ ਤੁਰੰਤ ਹੱਲ ਦੀ ਜ਼ਰੂਰਤ ਹੈ।ਇਸ ਮੁੱਦੇ ਉਪਰ ਸੋਮਵਾਰ ਰਾਤ ਦੀ ਸਰੀ ਕਾਉਂਸਲ ਦੀ ਮੀਟਿੰਗ ਦੌਰਾਨ ਸੇਫ ਸਰੀ ਕੋਲੀਸ਼ਨ ਦੇ ਡੱਗ ਐਲਫੋਰਡ ਨੇ ਲੌਕ ਵਲੋਂ ਝੂਠ ਬੋਲਣ ਲਈ ਉਹਨਾਂ ਦੇ ਅਸਤੀਫੇ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਉਸਨੇ ਗਲਤ ਬਿਆਨ” ਦਿੱਤਾ ਅਤੇ “ਜਾਣ ਬੁੱਝ ਕੇ ਜਨਤਾ ਨੂੰ ਗੁੰਮਰਾਹ ਕੀਤਾ।ਐਲਫੋਰਡ ਨੇ ਕਿਹਾ ਕਿ “ਮੈਟਰੋ ਵੈਨਕੂਵਰ ਦੇ ਮੇਅਰ ਜਨਤਕ ਤੌਰ ‘ਤੇ ਮੇਅਰ ਦੇ ਦਾਅਵਿਆਂ ਨਾਲ ਅਸਹਿਮਤ ਹਨ।ਉਸਨੇ ਲੌਕ ‘ਤੇ ਸਿਟੀ ਆਫ ਸਰੀ ਕਾਉਂਸਲ ਕੋਡ ਆਫ ਕੰਡਕਟ ਬਾਈਲਾਅ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਅਤੇ “ਇਮਾਨਦਾਰੀ ਨਾਲ ਆਪਣੇ ਫਰਜ਼ ਨਿਭਾਉਣ ਦੀ ਆਪਣੀ ਸਹੁੰ ਦੀ ਉਲੰਘਣਾ ਕੀਤੀ ਹੈ ਜਿਸ ਕਾਰਣ ਉਸਨੂੰ ਸਰੀ ਦੇ ਮੇਅਰ ਵਜੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।









# ਕੀ ਪੁਲਵਾਮਾ ਹਮਲਾ 2019 ਦੀਆਂ ਚੋਣਾਂ ਜਿੱਤਣ ਲਈ ਕੀਤਾ ਗਿਆ ਸੀ? ਸ਼ਿਵ ਸੈਨਾ ਆਗੂ ਨੇ ਕੀਤਾ ਸਵਾਲ



ਨਵੀਂ ਦਿੱਲੀ:ਸ਼ਿਵ ਸੈਨਾ ਦੇ ਪ੍ਰਮੁੱਖ ਨੇਤਾ ਸੰਜੇ ਰਾਉਤ ਨੇ ਸਵਾਲ ਕੀਤਾ ਹੈ ਕਿ ਕੀ 2019 ਦਾ ਪੁਲਵਾਮਾ ਹਮਲਾ 2019 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਕੀਤਾ ਗਿਆ ਸੀ?ਸ਼ਿਵ ਸੈਨਾ ਰਾਉਤ ਨੇ ਮੰਗ ਕੀਤੀ ਹੈ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਵਿਰੁੱਧ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਜਾਵੇ।ਉਨ੍ਹਾਂ ਦੀ ਇਹ ਟਿੱਪਣੀ ਸਾਬਕਾ ਗਵਰਨਰ ਸੱਤਿਆ ਪਾਲ ਮਲਿਕ ਦੁਆਰਾ ਇੱਕ ਇੰਟਰਵਿਊ ਵਿੱਚ ਇਹ ਖੁਲਾਸਾ ਕਰਨ ਤੋਂ ਬਾਅਦ ਆਈ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਪੁਲਵਾਮਾ ਕਾਂਡ ਨੂੰ ਲੈ ਕੇ ਸੁਰੱਖਿਆ ਦੀਆਂ ਕਮੀਆਂ ਬਾਰੇ ਬੋਲਣ ਤੋਂ ਰੋਕਿਆ ਸੀ।ਰਾਉਤ ਨੇ ਹਮਲੇ ਲਈ ਜ਼ਿੰਮੇਵਾਰ ਮੰਤਰੀਆਂ ਦਾ ਕੋਰਟ ਮਾਰਸ਼ਲ ਕਰਨ ਦੀ ਵੀ ਮੰਗ ਕੀਤੀ ਹੈ।ਉਸਨੇ ਇਹ ਵੀ ਸਵਾਲ ਕੀਤਾ ਹੈ ਕਿ ਸਖ਼ਤ ਸੁਰੱਖਿਆ ਦੇ ਬਾਵਜੂਦ ਆਰਡੀਐਕਸ ਪੁਲਵਾਮਾ ਕਿਵੇਂ ਪਹੁੰਚਿਆ, ਇਹ ਪੁੱਛਦਿਆਂ ਕਿ ਕਾਫਲੇ ਨੂੰ ਹਵਾਈ ਸਹਾਇਤਾ ਕਿਉਂ ਨਹੀਂ ਦਿੱਤੀ ਗਈ। ਸੁਰੱਖਿਆ ਕਰਮਚਾਰੀ ਆਮ ਤੌਰ ‘ਤੇ ਪੁਲਵਾਮਾ ਰੋਡ ‘ਤੇ ਯਾਤਰਾ ਨਹੀਂ ਕਰਦੇ ਹਨ।ਰਾਉਤ ਨੇ ਦਾਅਵਾ ਕੀਤਾ ਕਿ ਭਾਜਪਾ ਕੇਂਦਰੀ ਏਜੰਸੀਆਂ ਨੂੰ ਉਨ੍ਹਾਂ ‘ਤੇ ਉਤਾਰ ਕੇ ਅਤੇ ਉਨ੍ਹਾਂ ਨੂੰ ਫਰੇਮ ਕਰਕੇ ਵਿਰੋਧੀ ਧਿਰ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਐਨਫੋਰਸਮੈਂਟ ਡਾਇਰੈਕਟੋਰੇਟ ਅਤੇ ਕੇਂਦਰੀ ਜਾਂਚ ਬਿਊਰੋ ਦੀ ਵਰਤੋਂ ਕਰਕੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ।ਰਾਊਤ ਦੇ ਅਨੁਸਾਰ, ਅਰਵਿੰਦ ਕੇਜਰੀਵਾਲ ਨੂੰ ਸੀਬੀਆਈ ਦਾ ਨੋਟਿਸ ਦਿੱਤਾ ਗਿਆ ਹੈ ਜਦੋਂ ਕਿ ਤੇਜਸਵੀ ਯਾਦਵ ਨੂੰ ਈਡੀ ਅਤੇ ਸੀਬੀਆਈ ਦੇ ਸੰਮਨ ਮਿਲੇ ਹਨ।

# ਅਮਰੀਕਾ ‘ਚ ਰੋਜ਼ੀ ਬਰਕੰਦੀ ਦੇ ਭਰਾ ਸ਼ਮਿੰਦਰਜੀਤ ਸਿੰਘ ਸੰਧੂ ਸਣੇ 3 ਪੰਜਾਬੀ ਗ੍ਰਿਫ਼ਤਾਰ

ਵਾਸ਼ਿੰਗਟਨ-ਅਮਰੀਕਾ ਦੇ ਈਸਟਨ ਡਿਸਟ੍ਰਿਕ ਕੋਰਟ ਆਫ ਕੈਲੀਫੋਰਨੀਆ ਤੋਂ ਪ੍ਰਾਪਤ ਦਸਤਾਵੇਜਾਂ ਮੁਤਾਬਕ ਪੰਜਾਬ ਦੇ 3 ਵਿਅਕਤੀਆਂ ਦੇ ਨਾਮ ਸੁਪਾਰੀ ਦੇ ਕੇ ਕਤਲ ਕਰਨ ਅਤੇ ਸਰੀਰਕ ਨੁਕਸਾਨ ਪਹੁੰਚਾਉਣ ਦੇ ਕੇਸ ਵਿਚ ਸਾਹਮਣੇ ਆ ਰਹੇ ਹਨ। ਅਮਰੀਕਾ ਦੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ.ਬੀ.ਆਈ.) ਵੱਲੋਂ ਇਸ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਕੇਸ ਵਿਚ ਸ਼ਮਿੰਦਰਜੀਤ ਸਿੰਘ ਸੰਧੂ, ਰਾਕੇਸ਼ ਕੁਮਾਰ ਬਿਰਲਾ ਜੂਨੀਅਰ ਅਤੇ ਜਗਨਿੰਦਰ ਸਿੰਘ ਬੋਪਾਰਾਏ ਦਾ ਨਾਮ ਆਇਆ ਹੈ। ਸ਼ਮਿੰਦਰਜੀਤ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮੁਕਤਸਰ ਨਾਲ ਸਬੰਧਿਤ ਵੱਡੇ ਆਗੂ ਰੋਜ਼ੀ ਬਰਕੰਦੀ ਦਾ ਛੋਟਾ ਭਰਾ ਹੈ। ਇਨ੍ਹਾਂ ਵਿਅਕਤੀਆਂ ਨੇ 2 ਹੋਰਾਂ (ਸੁਰੱਖਿਆ ਕਾਰਨਾਂ ਕਰਕੇ ਜਿਨ੍ਹਾਂ ਦੇ ਨਾਵਾਂ ਨੂੰ ਡਿਸਕਲੋਜ ਨਹੀਂ ਕੀਤਾ ਜਾ ਰਿਹਾ) ਨੂੰ ਮਰਵਾਉਣ ਅਤੇ ਭਾਰੀ ਸਰੀਰਕ ਨੁਕਸਾਨ ਪਹੁੰਚਾਉਣ ਲਈ ਅਮਰੀਕਾ ਵਿਚ ਇਕ ਸਾਜ਼ਿਸ਼ ਰਚੀ ਪਰ ਇਸ ਵਿਚ ਅਸਫਲ ਰਹੇ, ਕਿਉਂਕਿ ਐੱਫ.ਬੀ.ਆਈ. ਨੇ ਇਨ੍ਹਾਂ ਦੀ ਯੋਜਨਾ ਦਾ ਪਰਦਾਫਾਸ਼ ਕਰ ਦਿੱਤਾ।ਸਾਰੇ ਸਬੂਤ ਹੱਥ ਲੱਗਣ ‘ਤੇ ਐੱਫ.ਬੀ.ਆਈ. ਨੇ ਸਭ ਤੋਂ ਪਹਿਲਾਂ ਇਸ ਸੁਪਾਰੀ ਕਾਂਡ ਦੇ ਮਾਸਟਰ ਮਾਈਂਡ ਜਗਨਿੰਦਰ ਸਿੰਘ ਬੋਪਾਰਾਏ ਅਤੇ ਰਾਕੇਸ਼ ਕੁਮਾਰ ਬਿਰਲਾ ਨੂੰ ਅੰਡਰ ਸੈਕਸ਼ਨ ਟਾਈਟਲ-18 ਯੂਨਾਈਟਿਡ ਸਟੇਟ ਕੋਡ ਦੀ ਧਾਰਾ 1958 ਤਹਿਤ ਗ੍ਰਿਫ਼ਤਾਰ ਕੀਤਾ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ ਜਲਦ ਸ਼ੁਰੂ ਹੋ ਸਕਦੀ ਏ

ਚੰਡੀਗੜ੍ਹ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ ਛੇਤੀ ਸ਼ੁਰੂ ਹੋ ਸਕਦੀ ਹੈ।ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਐਸ.ਐਸ.ਸਾਰੋਂ ਨੇ ਨਾਲ ਗੱਲ ਕਰਦਿਆਂ ਦੱਸਿਆ ਕਿ ਉਹ ਕੇਂਦਰੀ ਕਮਿਸ਼ਨ ਤੋਂ ਪ੍ਰਵਾਨਗੀ ਲਈ ਪੱਤਰ ਲਿਖ ਰਹੇ ਹਨ ਅਤੇ ਹਰੀ ਝੰਡੀ ਮਿਲਣ ‘ਤੇ ਡਿਪਟੀ ਕਮਿਸ਼ਨਰਾਂ ਨੂੰ ਨਵੀਆਂ ਵੋਟਾਂ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਿਹਾ ਜਾਵੇਗਾ ।ਜਸਟਿਸ ਸਾਰੋਂ ਨੇ ਕਿਹਾ ਕਿ ਸੁਪਰੀਮ ਕੋਰਟ ਵਲੋਂ ਹਰਿਆਣਾ ਨੂੰ ਵੱਖਰੀ ਗੁਰਦੁਆਰਾ ਕਮੇਟੀ ਲਈ ਮਾਨਤਾ ਦੇਣ ਤੋਂ ਬਾਅਦ ਹੁਣ ਕਮਿਸ਼ਨ ਕੇਵਲ ਪੰਜਾਬ, ਹਿਮਾਚਲ ਤੇ ਚੰਡੀਗੜ੍ਹ ਕੇਂਦਰੀ ਪ੍ਰਦੇਸ਼ ‘ਚ ਚੋਣ ਕਰਵਾਏਗਾ।ਹਰਿਆਣਾ ਕਮੇਟੀ ਦੇ ਵੱਖ ਹੋ ਜਾਣ ਕਾਰਨ ਹੁਣ ਉੱਥੇ ਚੋਣਾਂ ਪੰਜਾਬ ਨਾਲ ਨਹੀਂ ਹੋਣਗੀਆਂ।ਸ. ਸਾਰੋਂ ਨੇ ਸਪਸ਼ਟ ਕੀਤਾ ਕਿ ਗੁਰਦੁਆਰਾ ਚੋਣਾਂ ਲਈ ਪ੍ਰਕਿਰਿਆ ਭਾਰਤ ਸਰਕਾਰ ਵਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਹੀ ਸ਼ੁਰੂ ਹੋ ਸਕੇਗੀ।ਵਰਨਣਯੋਗ ਹੈ ਕਿ ਭਾਰਤ ਸਰਕਾਰ ਵਲੋਂ ਗੁਰਦੁਆਰਾ ਚੋਣ ਕਮਿਸ਼ਨਰ ਵਜੋਂ ਜਸਟਿਸ ਸਾਰੋਂ ਦੀ ਨਿਯੁਕਤੀ ਅਕਤੂਬਰ 2020 ਵਿਚ ਕੀਤੀ ਸੀ ਪਰ ਵੱਖਰੀ ਹਰਿਆਣਾ ਕਮੇਟੀ ਲਈ ਅਦਾਲਤੀ ਕੇਸ ਕਾਰਨ ਗੁਰਦੁਆਰਾ ਚੋਣਾਂ ਲਈ ਪ੍ਰਕਿਰਿਆ ਸ਼ੁਰੂ ਨਹੀਂ ਹੋ ਸਕੀ ਸੀ।ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਜਿਸ ਦੀ ਚੋਣ ਹਰ 5 ਸਾਲਾਂ ਬਾਅਦ ਕਾਨੂੰਨ ਅਨੁਸਾਰ ਹੋਣੀ ਜ਼ਰੂਰੀ ਹੈ ਪਰ ਇਹ ਚੋਣ ਕਦੀ ਵੀ ਨਿਰਧਾਰਤ ਸਮੇਂ ‘ਤੇ ਨਹੀਂ ਹੋ ਸਕੀ ਅਤੇ ਹੁਣ ਵੀ ਇਹ ਚੋਣ ਹੋਇਆ 14 ਸਾਲ ਹੋ ਗਏ ਹਨ ।

# ਕੁੱਟਣ ਨਾ.ਲ ਵਧਦੀ ਹੈ ‘ਇਮਿਊਨਿਟੀਪਾਵਰ’

ਮੈਂ ਆਪਣੇ ਬਾਈ (ਦਾਦਾ) ਜੀ ਨੂੰਇੱਕ ਵਾਰ ਪੁੱਛਿਆਕਿ ਪਹਿਲਾਂ ਲੋਕ ਐਨੇ ਬਿਮਾਰ ਕਿਉਂ ਨਹੀਂ ਪੈਂਦੇ ਸੀ ? ਤਾਂ ਬਾਈ ਜੀ ਬੋਲੇ ਪੁੱਤਰ, ਪਹਿਲਾਂ ਅਸੀਂ ਹਰ ਚੀਜ ਨੂੰ ਕੁੱਟਦੇ ਸੀ।ਜਦੋਂ ਤੋਂ ਅਸੀਂ ਕੁੱਟਣਾ ਛੱਡਿਐ ਓਦੋਂ ਤੋਂ ਹੀ ਅਸੀਂ ਬਿਮਾਰ ਹੋਣ ਲੱਗ ਗਏ।ਮੈਂ ਪੁੱਛਿਆ ਉਹ ਕਿੰਵੇ? ਹੱਸਕੇ ਬੋਲੇ ,ਜਿੰਵੇਂ ਪਹਿਲਾਂ ਅਸੀਂ ਅਨਾਜ ਕੁੱਟ ਕੁੱਟ ਕੇ ਹੀ ਝਾੜਦੇ ਸੀ, ਕੁੱਟ ਕੇ ਹੀ ਕੱਢਦੇ ਸੀ, ਘਰ ਵਿੱਚ ਮਿਰਚ ਮਸਾਲਾ ਵੀ ਕੁੱਟ ਕੇ ਵਰਤਦੇ ਸੀ ।ਕਦੇ ਕਦੇ ਵੱਡਾ ਭਾਈ ਵੀ ਛੋਟੇ ਭਾਈ ਕੁੱਟ ਦਿੰਦਾ ਸੀ,ਅਤੇ ਜਦੋਂ ਛੋਟਾ ਭਾਈ ਰੋਂਦਾ ਹੋਇਆ ਜਾ ਕੇ ਬੇਬੇ ਨੂੰ ਸ਼ਿਕਾਇਤ ਲਾਉਂਦਾ ਸੀ ਤਾਂ ਵੱਡੇ ਭਾਈ ਨੂੰ ਬੇਬੇ ਕੁੱਟ ਦਿੰਦੀ ਸੀ। ਕਦੇ ਕਦੇ ਤਾਂ ਬਾਪੂ ਬੇਬੇ ਨੂੰ ਕੁੱਟ ਦਿੰਦਾ ਸੀ ਚਾਚਾ ਭਤੀਜੇ ਨੂੰ ਕੁੱਟ ਦਿੰਦਾ ਸੀ।ਦਾਦਾ ਪੋਤੇ ਨੂੰ ਕੁੱਟ ਦਿੰਦਾ ਸੀ। ਜਾਣੀ ਦੀ ਕੁੱਲ ਮਿ.ਲਾ ਕੇ ਕੁੱਟਣ ਦਾ ਸਿਲਸਿਲਾ ਸਾਰਾ ਸਾਲ ਚੱਲਦਾ ਰਹਿੰਦਾ ਸੀ।ਕਦੀ ਕਦੀ ਬੇਬੇ ਬਾਜਰੇ ਨੂੰ ਕੁੱਟ ਕੇ ਸ਼ਾਮ ਨੂੰ ਖਿਚੜੀ ਬਣਾਉਂਦੀ ਸੀ।ਅਸੀਂ ਕੱਪੜੇ ਵੀ ਜੋ ਪਾਉਂਦੇ ਸੀ।ਉਹ ਕੁੱਟ ਕੇ ਧੋਤੇ ਜਾਂਦੇ।ਸਕੂਲ ਵਿੱਚ ਮਾਸਟਰ ਸਾਨੂੰ ਦੱਬ ਕੇ ਕੁੱਟਦੇ ਸੀ।ਜਿੱਧਰ ਵੇਖੋ ਉਧਰ ਹੀ ਕੁੱਟਣ ਦਾ ਹੀ ਕਾਰੋਬਾਰ ਚੱਲਦਾ ਸੀ।ਚੱਲਦਾ ਰਹਿੰਦਾ ਸੀ ਸਾਲੋ-ਸਾਲ ਲਗਾਤਾਰ ਜਿਸ ਨਾ.ਲ ਬਿਮਾਰੀ ਕੋਈ ਸਾਡੇ ਨੇੜੇ ਨਹੀਂ ਸੀ ਆਉਂਦੀ ਤੇ ਸਾਡੀ ਸਾਰਿਆਂ ਦੀ ਇਮਊਨਿਟੀ ਪਾਵਰ ਬਰਕਰਾਰ ਰਹਿੰਦੀ ਸੀ ਮਜਬੂਤ ਬਣੀ ਰਹਿੰਦੀ ਸੀ ਜਦੋਂ ਕਦੇ ਕੋਈ ਛਲਾਰੂ ਸਿਆ.ਲਾਂ ਵਿੱਚ ਨ੍ਹਾਉਣ ਤੋਂ ਭੱਜਦਾ ਸੀ ਤਾਂ ਸਾਡੀ,ਤੇ ਥੋਡੀ ਵੀ ਬੇਬੇ ਉਹਨੂੰ ਪਹਿਲਾਂ ਗੋਡਿਆਂ ਥੱਲੇ ਲੈ ਕੇ ਧੈਂ ਧੈਂ ਕੁੱਟਕੇ ਉਹਦੀ ਇਮਜ਼ੂਨਿਟੀ ਪਾਵਰ ਵਧਾਉਂਦੀ ਸੀ ਫੇਰ ਨਹਿਲ੍ਹਾਉਂਦੀ ਸੀ ।ਫੇਰ ਖਾਣ ਵੇ.ਲੇ ਕੁੱਟ ਪੈਂਦੀ ਸੀ।ਸੌਣ ਵੇ.ਲੇ ਕੁੱਟ ਪੈਂਦੀ ਸੀ ਬਹੁਤਾ ਕੋਈ ਰੋਵੇ ਤਾਂ ਚੁੱਪ ਕਰਾਉਣ ਵੇ.ਲੇ ਕੁੱਟ ਪੈਂਦੀ ਸੀ।ਕੁੱਲ ਮਿ.ਲਾ ਕੇ ਪੁੱਤਰ ਇਹ ਕੁੱਟ ਦੀ ਹੀ ਮਹਿਮਾ ਸੀ ਕਿ ਸਾਡੀ ਇਮਜ਼ੂਨਿਟੀ ਪਾਵਰ ਤੇਜ-ਤੱਰ੍ਾਰ ਰਹਿੰਦੀ ਸੀ ਕੋਈ ਵੀ ਛੇਤੀ ਕਿਤੇ ਬਿਮਾਰ ਨਹੀ ਸੀ ਪੈਂਦਾ।ਪਰ ਅੱਜ ਕੱਲ੍ਹ ਇਹ ਰਿਵਾਜਬੰਦ ਹੋ ਗਿਆ ਹੈ।ਜਦੋਂ ਤੋਂ ਅਸੀਂ ਥੋਨੂੰ ਕੁੱਟਣਾ ਛੱਡ ਦਿੱਤਾ ਹੈ ਤੁਸੀਂ ਜੁਆਕ ਜਿਆਦਾ ਬਿਮਾਰ ਰਹਿਣ ਲੱਗ ਪਏ ਹੋ।ਏਨਾ ਕਹਿ ਦਾਦਾ ਜੀ ਕੁੜਤੇ ਦੀਆਂ ਬਾਹ੍ਹਾਂ ਚੜ੍ਹਾਉਣ ਲੱਗੇ,ਤੇ ਮੈਂ ਉਨ੍ਹਾਂ ਦੀ ਮੰਸ਼ਾ ਸਮਝਦਿਆਂ ਭੱਜ ਕੇ ਜਾਨ ਬਚਾਈ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਜਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ
- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa
OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਹਰਿਮੰਦਰ ਸਾਹਿਬ ਵਿਚ ਤਿਰੰਗੇ ਦੇ ਟੈਟੂ ਨਾਲ ਪਹੁੰਚੀ ਕੁੜੀ ਨੂੰ ਰੋਕਣ ਦਾ ਮਾਮਲਾ ਸਿੱਖ ਕੌਮ ਨੂੰ ਬਦਨਾਮ ਅਤੇ ਔਖੀ ਸਥਿਤੀ ਵਿੱਚ ਦੇਖਣਾ ਚਾਹੁੰਦੇ ਹਨ ਸਿੱਖ ਦੋਖੀ

ਅੰਮ੍ਰਿਤਸਰ:ਸਿੱਖਾਂ ਦੇ ਦੋਖੀ ਸਿੱਖ ਕੌਮ ਨੂੰ ਬਦਨਾਮ ਕਰਨ ਅਤੇ ਉਸਨੂੰ ਔਖੀ ਸਥਿਤੀ ਵਿੱਚ ਦੇਖਣਾ ਚਹੁੰਦੇ ਹਨ। ਪਿਛਲੇ ਦਿਨੀ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਥਿਤ ਤੌਰ 'ਤੇ ਇੱਕ ਕੁੜੀ ਨੂੰ ਪ੍ਰਵੇਸ਼ ਨਹੀਂ ਕਰਨ ਦਿਤਾ ਗਿਅ ਜੋ ਆਪਣੇਂ ਮੂੰਹ ਤੇ ਤਿਰੰਗਾ ਝੰਡਾ ਬਣਾ ਕੇ ਆਈ ਸੀ।ਇਸ ਕੁੜੀ ਅਤੇ ਉਸ ਦੇ ਨਾਲ ਮੌਜੂਦ ਵਿਅਕਤੀ ਦੀ ਹਰਿਮੰਦਰ ਸਾਹਿਬ ਦੇ ਸੇਵਾਦਾਰ ਨਾਲ ਬਹਿਸ ਕਰਦੀ ਹੈ।

ਇਸ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਨੇ ਪ੍ਰਤੀਕਿਰਿਆ ਦਿੰਦਿਆਂ ਹੋਇਆਂ ਵਿਵਾਦ ਨੂੰ 'ਬੇਲੋੜੀ ਹਵਾ' ਦੇਣ ਦੀ ਨਿਖੇਧੀ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਜੇਕਰ ਕਿਸੇ ਯਾਤਰੀ ਨੂੰ ਠੇਸ ਪਹੁੰਚੀ ਹੈ ਤਾਂ ਉਹ 'ਮੁਆਫੀ' ਮੰਗਦੇ ਹਨ, ਪਰ ਦਰਬਾਰ ਸਾਹਿਬ ਦੀ ਮਰਿਯਾਦਾ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇੱਕ ਬਿਆਨ ਇਸ ਘਟਨਾ ਨੂੰ ਸੋਸ਼ਲ ਮੀਡੀਆ ਉੱਤੇ ਚੱਲ ਰਹੇ ਬਿਰਤਾਂਤ ਦੀ ਨਿੰਦਾ ਕੀਤੀ ਹੈ।ਉਨਾ ਕਿਹਾ ਹੈ ਕਿ ਧਾਰਮਿਕ ਸਥਾਨ 'ਤੇ ਆਉਣ ਵਾਲੇ ਲੋਕਾਂ ਨੂੰ ਉਸ ਦੀ ਮਰਿਆਦਾ ਦਾ ਖ਼ਿਆਲ ਰੱਖਣਾ ਚਾਹੀਦਾ ਹੈ।

ਧਾਮੀ ਨੇ ਟਵਿੱਟਰ 'ਤੇ ਸਵਾਲ ਉਠਾਉਣ ਵਾਲਿਆਂ ਦੀ ਮੰਸ਼ਾ 'ਤੇ ਸਵਾਲ ਚੁੱਕੇ ਹਨ ਅਤੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ 'ਅਜਿਹੀਆਂ ਹਰਕਤਾਂ' 'ਤੇ ਲਗਾਮ ਕੱਸਿਆ ਜਾਵੇ।

ਵੀਡੀਉ ਵਿੱਚ ਇਕ ਆਦਮੀ ਸੇਵਾਦਾਰ ਨੂੰ ਪੁੱਛਦਾ ਹੈ, "ਹਾਂ ਸਰਦਾਰ ਜੀ, ਤੁਸੀਂ ਗੁੱਡੀ ਨੂੰ ਅੰਦਰ ਜਾਣ ਤੋਂ ਰੋਕਿਆ ਕੀ ਕਾਰਨ ਹੈ।"

ਪੱਗ ਵਾਲਾ ਬੰਦਾ ਕਹਿੰਦਾ, "ਇਹ ਝੰਡਾ ਸਾਫ਼ ਕਰੋ"।

ਆਦਮੀ ਪੁੱਛਦਾ ਹੈ, "ਕਿਉਂ, ਇਹ ਇੰਡੀਆ ਨਹੀਂ ਹੈ।

ਪੱਗ ਵਾਲਾ ਬੰਦਾ ਗਰਦਨ ਹਿਲਾਉਂਦਿਆਂ ਕਹਿੰਦਾ ਹੈ, "ਇਹ ਪੰਜਾਬ ਹੈ।ਆਦਮੀ ਕਹਿੰਦਾ ਹੈ "ਰਿਕਾਰਡਿੰਗ ਕਰੋ"

ਪੱਤਰਕਾਰ ਅਤੇ ਲੇਖਕ ਜਗਤਾਰ ਸਿੰਘ ਨੇ ਟਵਿੱਟਰ 'ਤੇ ਲਿਖਿਆ, "ਪੰਜਾਬ ਦਾ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਸੈਰ-ਸਪਾਟਾ ਸਥਾਨ ਨਹੀਂ ਹੈ ਅਤੇ ਇਸ ਦੇ ਵੱਖੋ-ਵੱਖਰੇ ਨਿਯਮ ਅਤੇ ਪਵਿੱਤਰਤਾ ਹੈ।

"ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਸੈਲਾਨੀਆਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਇਸ ਕੰਪਲੈਕਸ ਵਿੱਚ ਅਕਾਲ ਤਖ਼ਤ ਸਿੱਖ ਪ੍ਰਭੂਸੱਤਾ ਦੀ ਅਗਵਾਈ ਕਰਦਾ ਹੈ, ਇਸ ਦੇ ਅੰਦਰ ਸਿਰਫ਼ ਸਿੱਖ ਝੰਡਾ ਲੈ ਕੇ ਆਉਣ ਦੀ ਇਜਾਜ਼ਤ ਹੈ।

ਤਮੰਨਾ ਨਾਮ ਦੇ ਇੱਕ ਟਵਿੱਟਰ ਯੂਜ਼ਰ ਨੇ ਲਿਖਿਆ, "ਮੈਨੂੰ ਕਦੇ ਵੀ ਹਰਿਮੰਦਰ ਸਾਹਿਬ ਜਾਂ ਇੱਥੋਂ ਦੇ ਕਿਸੇ ਹੋਰ ਗੁਰਦੁਆਰੇ ਵਿੱਚ ਅਜਿਹੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ। ਇਹ ਇੱਕ ਤੱਥ ਹੈ। ਮੇਰੇ ਕਰੀਬੀ ਲੋਕਾਂ ਨੂੰ ਕਦੇ ਵੀ ਅਜਿਹੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ ਹੈ ਪਰ ਜੇਕਰ ਤੁਸੀਂ ਚਿਹਰੇ 'ਤੇ ਪੇਂਟ ਲਗਾ ਕੇ, ਜੋਕਰ ਬਣ ਕੇ ਤਮਾਸ਼ਾ ਕਰਨ ਜਾਓਗੇ ਤਾਂ ਤਮਾਸ਼ਾ ਹੀ ਮਿਲੇਗਾ।"

ਚੇਤੇ ਰਹੇ ਪਿਛਲੇ ਦਿਨੀਂ ਵਾਪਰੀ ਇੱਕ ਘਟਨਾ ਵਿੱਚ



ਕੁਝ ਲੋਕਾਂ ਨੇ ਜਾਣਬੁੱਝ ਕੇ ਅਜਿਹੇ ਕੱਪੜੇ ਪਹਿਨੇ ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ, "ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜੀ ਇਕ ਸ਼ਰਧਾਲੂ ਨੂੰ ਪਹਿਰੇਦਾਰ ਵੱਲੋਂ ਰੋਕ ਕੇ ਮਰਿਯਾਦਾ ਦਾ ਪਾਲਣ ਕਰਨ ਲਈ ਆਖਣ 'ਤੇ ਦੋਹਾਂ ਵਿਚਕਾਰ ਹੋਈ ਗੱਲਬਾਤ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਸਿੱਖਾਂ ਵਿਰੁੱਧ ਸਿਰਜੇ ਜਾ ਰਹੇ ਬਿਰਤਾਂਤ ਦੀ ਕਰੜੀ ਨਿੰਦਾ ਕੀਤੀ ਹੈ।"ਐਡਵੋਕੇਟ ਧਾਮੀ ਅੱਗੇ ਆਖਦੇ ਹਨ, "ਮਹਿਜ ਇਕ ਘਟਨਾ ਨੂੰ ਲੈ ਕੇ ਸਿੱਖਾਂ ਦਾ ਅਕਸ ਖ਼ਰਾਬ ਕਰਨ ਅਤੇ ਸੰਸਥਾ ਦੇ ਪ੍ਰਬੰਧਾਂ ਨੂੰ ਬਦਨਾਮ ਕਰਨ ਲਈ ਸੋਸ਼ਲ ਮੀਡੀਆ 'ਤੇ ਮਨਘੜ੍ਹਤ ਅਤੇ ਬੇਬੁਨਿਆਦ ਟਿੱਪਣੀਆਂ ਕਰਨੀਆਂ ਠੀਕ ਨਹੀਂ ਹਨ।"

ਉਨ੍ਹਾਂ ਕਿਹਾ, "ਕਿਸੇ ਵੀ ਘਟਨਾ 'ਤੇ ਗ਼ਲਤ ਪ੍ਰਾਪੇਗੰਡਾ ਕਰਨਾ ਭਾਈਚਾਰਕ ਸਾਂਝ ਨੂੰ ਤੋੜਨ ਵਾਲੀ ਕਾਰਵਾਈ ਹੈ, ਜਿਸ ਤੋਂ ਬਚਣਾ ਚਾਹੀਦਾ ਹੈ।"ਉਨ੍ਹਾਂ ਕਿਹਾ ਕਿ ਸੱਚਖੰਡ ਹਰਿਮੰਦਰ ਸਾਹਿਬ ਸਮੇਤ ਹਰੇਕ ਗੁਰੂ ਘਰ ਦੀ ਇਕ ਮਰਯਾਦਾ ਨਿਰਧਾਰਤ ਹੁੰਦੀ ਹੈ, ਜਿਸ ਦਾ ਸੰਗਤ ਨੂੰ ਪਾਲਣ ਕਰਨਾ ਲਾਜ਼ਮੀ ਹੁੰਦਾ ਹੈ।ਕੁਝ ਲੋਕ ਜਾਣਬੁਝ ਕੇ ਅਜਿਹੀਆ ਕਾਰਵਾਈਆਂ ਕਰਦੇ ਹਨ, ਤਾਂ ਕਿ ਸਿੱਖਾਂ ਦਾ ਨਾਮ ਬਦਨਾਮ ਹੋਵੇ ਤੇ ਸਿੱਖ ਕੌਮ ਨੂੰ ਔਖੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪਵੇ।ਸ਼੍ਰੋਮਣੀ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਅਜਿਹੀਆਂ ਸ਼ਰਾਰਤੀ ਤੇ ਸਾਜਿਸ਼ੀ ਘਟਨਾਵਾਂ ਪਹਿਲਾਂ ਵੀ ਕਈ ਵਾਰੀ ਵਾਪਰ ਚੁਕੀਆਂ ਹਨ। ਉਨ੍ਹਾਂ ਕਿਹਾ ਕਿ ਇਹ ਜਿਸ ਸਬੰਧਤ ਸੇਵਾਦਾਰ ਨੇ ਆਪਣੀ ਡਿਊਟੀ ਦੌਰਾਨ ਇਸ ਹਰਕਤ ਦਾ ਨੋਟਿਸ ਲਿਆ ਉਸਨੇ ਬੜੇ ਸਲੀਕੇ, ਜ਼ਿੰਮੇਵਾਰੀ ਤੇ ਦਿਆਨਤਦਾਰੀ ਨਾਲ ਆਪਣੀ ਡਿਊਟੀ ਕੀਤੀ ਹੈ, ਉਸਨੂੰ ਸ਼ਾਬਾਸ਼ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸ੍ਰੀ ਦਰਬਾਰ ਸਾਹਿਬ ਦੀ ਮਰਯਾਦਾ ਤੇ ਪ੍ਰਬੰਧ ਵਿੱਚ ਬੇਲੋੜੀ ਦਖਲ ਅੰਦਾਜੀ ਕਰ ਰਹੇ ਹਨ ਉਹ ਆਪਣੀਆਂ ਇਹਨਾਂ ਗੰਦੀਆਂ ਹਰਕਤਾਂ ਤੋਂ ਬਾਜ਼ ਆਉਣ ਤੇ ਆਪਣੀ ਇਸ ਕਮੀਨੀ ਸੋਚ ਨੂੰ ਆਪਣੇ ਤੱਕ ਹੀ ਸੀਮਤ ਰੱਖਣ। ਸਬੰਧਤ ਚੈਨਲ ਜਿਸਦਾ ਇਸ ਘਟਨਾ ਸੰਬੰਧੀ ਕੋਈ ਉਸਾਰੂ ਰੋਲ ਸਾਹਮਣੇ ਨਹੀਂ ਆਇਆ ਉਸਨੂੰ ਵੀ ਸੁਚੇਤ ਕਰਨਾ ਚਾਹੁੰਦੇ ਹਾਂ ਉਹ ਸਹੀ ਪੱਖ ਨੂੰ ਹੀ ਲੋਕਾਂ ਸਾਹਮਣੇ ਪੇਸ਼ ਕਰਨ ਦੀ ਖੇਚਲ ਕਰੇ।

# ਸਿੱਖ ਵਿਰੋਧੀ ਨਫਰਤ ਨਾਲ ਭਰੀ ਜੋੜੀ



ਅੰਮ੍ਰਿਤਸਰ(ਜਸਵਿੰਦਰ ਸਿੰਘ):ਦਰਬਾਰ ਸਹਿਬ ਵਿਚ ਛੋਟੀ ਘੱਗਰੀ ਪਾ ਕੇ ਅਤੇ ਗੱਲ੍ਹਾਂ ਤੇ ਤਿਰੰਗਾ ਛਾਪਕੇ ਜਾਣ ਵਾਲੀ ਬੀਬੀ ਅਤੇ ਉਸ ਦਾ ਸਾਥੀ ਸ਼ਰਧਾਲੂ ਵਜੋਂ ਨਹੀਂ ਸੀ ਗਏ।ਇਸ ਦਾ ਟਵੀਟਰ ਖਾਤਾ (ਹਟਟਪਸ://ਟਾਟਿਟਇਰ.ਚੋਮ/ਝੀਯ5ਅ)ਦੇਖਕੇ ਪਤਾ ਲਗਦਾ ਹੈ ਕਿ ਇਹ ਜੋੜੀ ਨਫਰਤ ਨਾਲ ਭਰੀ ਹੋਈ ਹੈ।ਇਨ੍ਹਾਂ ਦੇ ਪਹਿਲਾਂ ਵੀ ਸਿੱਖਾਂ ਖਿਲਾਫ ਨਫਰਤ ਭਰੇ ਟਵੀਟ ਦੇਖੇ ਜਾ ਸਕਦੇ ਹਨ।ਇਸ ਤੋਂ ਇਲਾਵਾ ਕਰਨਾਟਕ ਵਿਚ ਭਾਸ਼ਾ ਦੇ ਅਧਾਰ ਦੇ ਬਹਿਸ ਕਰਦੇ, ਮੁਸਲਮਾਨਾਂ ਅਤੇ ਇਸਾਈਆਂ ਖਿਲਾਫ ਲਿਖਦੇ ਦੇਖ ਸਕਦੇ ਹੋਂ।ਇਨ੍ਹਾਂ ਲੋਕਾਂ ਨੂੰ ਸਿੱਧ ਕਰਨ ਦੀ ਲੋੜ ਹੈ ਕਿ ਉਹ ਮਾਨਸਿਕ ਤੌਰ ਤੇ ਬਿਮਾਰ ਨਹੀਂ ਹਨ।ਹਜੇ ਵੀ ਕਿਸੇ ਨੂੰ ਲਗਦਾ ਵੀ ਇਹ ਪਲਾਨਿੰਗ ਦੇ ਤਹਿਤ ਨਹੀਂ ਹੋਇਆ ਜਾ ਜਿਹੜੇ ਕਹਿ ਰਹੇ ਆ ਨੋਟਾਂ ਤੇ ਵੀ ਤਿਰੰਗਾ ਛਪਿਆ ਹੁੰਦਾ।ਉਹ ਹੋਰ ਕੁਝ ਮਾਨਸਿਕ ਬਿਮਾਰੀ ਦੇ ਸ਼ਿਕਾਰ ਹਨ।ਇਹ ਕੋਸ਼ਿਸ਼ਾਂ ਚਲਦੀਆ ਆਈਆ ਤੇ ਚਲਦੀਆ ਰਹਿਣਗੀਆ।ਸਿੱਖਾਂ ਦੇ ਅਕਸ਼ ਨੂੰ ਲਗਾਤਾਰ ਖਰਾਬ ਕਰਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ।ਦਰਬਾਰ ਸਾਹਿਬ ਦੇ ਸੇਵਾਦਾਰ ਨੇ ਹੱਥ ਜੋੜ ਕੇ ਬੇਨਤੀਆ ਕੀਤੀਆ ਕਿ ਮੂੰਹ ਸਾਫ ਕਰਕੇ ਅੰਦਰ ਜਾਉ ਪਰ ਉਹ ਨਹੀਂ ਮੰਨੇ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



**ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ**

- CANADIAN VISA & SUPER VISA*
- SPOUSAL SPONSORSHIP*
- STUDY- WORK PERMIT & LMIA*
- CIC REFUSAL APPEAL CASES*
- PR & CITIZENSHIP APPLICATION*
- INDIAN VISA-NAME CHANGE APPLICATION
- PCC-OCI-RTI APPLICATIONS
- IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



**THANDI AUTO CARE CENTRE LTD**

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਵਿਰੋਧੀ ਧਿਰ ਦੇ ਆਗੂਆਂ ਨੇ ਘੇਰੀ ਯੂ.ਪੀ. ਸਰਕਾਰ
# ਉੱਤਰ ਪ੍ਰਦੇਸ਼ ਨੂੰ ਐਨਕਾਊਂਟਰ ਪ੍ਰਦੇਸ਼ ਅਤੇ ਜੰਗਲ ਰਾਜ ਕਰਾਰ ਦਿੱਤਾ




ਨਵੀਂ ਦਿੱਲੀ:ਪ੍ਰਯਾਗਰਾਜ 'ਚ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਦੀ ਹੱਤਿਆ ਤੋਂ ਬਾਅਦ ਵਿਰੋਧੀ ਧਿਰਾਂ ਨੇ ਉੱਤਰ ਪ੍ਰਦੇਸ਼ 'ਚ ਕਾਨੂੰਨ ਵਿਵਸਥਾ 'ਤੇ ਸਵਾਲ ਉਠਾਉਂਦਿਆਂ ਇਸ ਨੂੰ 'ਐਨਕਾਊਟਰ ਪ੍ਰਦੇਸ਼' ਅਤੇ 'ਜੰਗਲ ਰਾਜ' ਦਾ ਨਾਂਅ ਦਿੱਤਾ, ਨਾਲ ਹੀ ਇਸ ਮਾਮਲੇ 'ਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇਕ ਕਮੇਟੀ ਬਣਾਉਣ ਦੀ ਮੰਗ ਕੀਤੀ ਜੋ ਸਮੇਂਬੱਧ ਢੰਗ ਨਾਲ ਮਾਮਲੇ ਦੀ ਜਾਂਚ ਕਰੇ।ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਇਸ ਤਰ੍ਹਾਂ (ਗੋਲੀਆਂ ਮਾਰ ਕੇ ਕੀਤੀ ਹੱਤਿਆ) ਦੀ ਕਾਰਵਾਈ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਕਾਨੂੰਨ ਵਿਵਸਥਾ ਨਾਲ ਖਿਲਵਾੜ ਕਰਨਾ ਸਿਰਫ਼ ਅਰਾਜਕਤਾ ਨੂੰ ਜਨਮ ਦਿੰਦਾ ਹੈ।ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਸਿਆਸੀ ਮਕਸਦ ਨਾਲ ਕਾਨੂੰਨ ਦੇ ਰਾਜ ਨਾਲ ਖਿਲਵਾੜ ਕਰਨਾ ਲੋਕਤੰਤਰ ਲਈ ਸਹੀ ਨਹੀਂ।ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਮੁਜ਼ਰਮਾਂ ਨੂੰ ਦੇਸ਼ ਦੇ ਕਾਨੂੰਨ ਤਹਿਤ ਹੀ ਸਜ਼ਾ ਮਿਲਣੀ ਚਾਹੀਦੀ ਹੈ।ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਕਿਹਾ ਕਿ ਸੂਬੇ 'ਚ ਜ਼ੁਰਮ ਸਿਖ਼ਰ 'ਤੇ ਹੈ ਅਤੇ ਮੁਜ਼ਰਮਾਂ ਦਾ ਉਤਸ਼ਾਹ ਵਧਿਆ ਹੋਇਆ ਹੈ।ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਉੱਤਰ ਪ੍ਰਦੇਸ਼ 'ਚ ਕਾਨੂੰਨ ਵਿਵਸਥਾ ਦੇ ਢਹਿ-ਢੇਰੀ ਹੋਣ 'ਤੇ ਦੁੱਖ ਪ੍ਰਗਟਾਇਆ।ਬੈਨਰਜੀ ਨੇ ਟਵੀਟ ਕੀਤਾ ਕਿ ਉੱਤਰ ਪ੍ਰਦੇਸ਼ 'ਚ ਬੇਸ਼ਰਮੀ ਦੀ ਅਰਾਜਕਤਾ ਅਤੇ ਕਾਨੂੰਨ ਵਿਵਸਥਾ ਦੇ ਪੂਰੀ ਤਰ੍ਹਾਂ ਢਹਿ-ਢੇਰੀ ਹੋਣ ਤੋਂ ਮੈਂ ਹੈਰਾਨ ਹਾਂ ।ਸੂਬੇ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਉੱਤਰ ਪ੍ਰਦੇਸ਼ ਨੂੰ ਐਨਕਾਊਂਟਰ ਪ੍ਰਦੇਸ਼ ਕਹਿੰਦਿਆਂ ਟਵਿੱਟਰ 'ਤੇ ਪਾਏ ਸੰਦੇਸ਼ 'ਚ ਲਿਖਿਆ ਕਿ ਤੋਂ ਅਤੀਕ ਅਹਿਮਦ ਅਤੇ ਅਸ਼ਰਫ ਦੀ ਪ੍ਰਯਾਗਰਾਜ 'ਚ ਹੋਈ ਹੱਤਿਆ, ਉਮੇਸ਼ ਪਾਲ ਹੱਤਿਆਕਾਂਡ ਵਾਂਗ ਹੀ ਉੱਤਰ ਪ੍ਰਦੇਸ਼ ਸਰਕਾਰ ਦੀ ਕਾਨੂੰਨ ਵਿਵਸਥਾ ਅਤੇ ਉਸ ਦੀ ਕਾਰਜਪ੍ਰਣਾਲੀ 'ਤੇ ਕਈ ਗੰਭੀਰ ਸਵਾਲੀਆ ਨਿਸ਼ਾਨ ਖੜ੍ਹੇ ਕਰਦੀ ਹੈ।ਖੱਬੇ ਪੱਖੀ ਨੇਤਾ ਸੀਤਾਰਾਮ ਯੇਚੂਰੀ ਨੇ ਕਿਹਾ ਕਿ ਉੱਤਰ ਪ੍ਰਦੇਸ਼ 'ਚ ਯੋਗੀ ਸਰਕਾਰ ਦੇ ਰਾਜ 'ਚ ਜੰਗਲ ਰਾਜ ਹੈ।ਉਨ੍ਹਾਂ ਕਿਹਾ ਕਿ ਕਾਨੂੰਨ ਦਾ ਰਾਜ ਲਿਆਓ ਅਤੇ ਮੁਜ਼ਰਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਉ।ਰਾਜ ਸਭਾ ਸੰਸਦ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਅਦਾਲਤ ਨੂੰ ਪੂਰਾ ਕਾਨੂੰਨੀ ਅਮਲ ਤੈਅ ਕਰਨਾ ਹੋਵੇਗਾ ਕਿ ਉਸ ਨੂੰ ਗ੍ਰਿਫ਼ਤਾਰ ਕਰਨਾ ਹੈ ਅਤੇ ਕਿੰਨੇ ਦਿਨ ਜੇਲ੍ਹ 'ਚ ਰੱਖਣਾ ਹੈ ।ਏ.ਆਈ.ਐੱਮ. ਆਈ.ਐੱਮ. ਦੇ ਮੁਖੀ ਅਸਦੁਦੀਨ ਓਵੈਸੀ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਜੰਮ ਕੇ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਸੂਬੇ 'ਚ ਭਾਜਪਾ ਸਰਕਾਰ ਕਾਨੂੰਨ ਦੇ ਮੁਤਾਬਿਕ ਨਹੀਂ ਸਗੋਂ ਬੰਦੂਕ ਦੇ ਦਮ 'ਤੇ ਸਰਕਾਰ ਚਲਾ ਰਹੀ ਹੈ।ਓਵੈਸੀ ਨੇ ਕਿਹਾ ਕਿ ਬੰਦੂਕ ਨਾਲ ਇਨਸਾਫ ਕਰਨ 'ਤੇ ਲੋਕਾਂ ਦਾ ਸੰਵਿਧਾਨ 'ਚ ਵਿਸ਼ਵਾਸ ਘੱਟ ਹੋਵੇਗਾ।

## (ਮੁੱਖ ਪੰਨੇ ਦੀ ਬਾਕੀ)

ਕੇ ਸ਼ਾਮਲ ਹੋਏ। ਖੇਤੀ ਦੇ ਸ਼ੌਕੀਨ ਪੰਜਾਬੀ ਭਾਰਤ ਤੋਂ ਮੰਗਵਾਏ ਟਰੈਕਟਰਾਂ ਨੂੰ ਸਜਾ ਕੇ ਲਿਆਏ ਹੋਏ ਸਨ। ਸਰੀ ਦੇ ਗੁਰਦੁਆਰਾ ਦਸਮੇਸ਼ ਦਰਬਾਰ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸਾਖੀ ਨਗਰ ਕੀਰਤਨ 22 ਅਪਰੈਲ ਨੂੰ ਸਰੀ ਵਿੱਚ ਸਜਾਇਆ ਜਾਵੇਗਾ।ਖਾਲਸਾ ਸਾਜਨਾ ਦਿਵਸ ਸਬੰਧੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਰੌਸ ਸਟਰੀਟ ਵੈਨਕੂਵਰ ਪਹੁੰਚੇ ਅਤੇ ਮੱਥਾ ਟੇਕਿਆ। ਉਨ੍ਹਾਂ ਸਿੱਖ ਸੰਗਤ ਨੂੰ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ। ਕੌਮਾਂਤਰੀ ਵਿਕਾਸ ਮਾਮਲਿਆਂ ਬਾਰੇ ਮੰਤਰੀ ਹਰਜੀਤ ਸਿੰਘ ਸੱਜਣ ਵੀ ਉਨ੍ਹਾਂ ਨਾਲ ਸਨ, ਜੋ ਵੈਨਕੂਵਰ ਦੱਖਣੀ ਹਲਕਾ, ਜਿਥੇ ਇਹ ਗੁਰਦੁਆਰਾ ਸਥਿਤ ਹੈ, ਤੋਂ ਸੰਸਦ ਮੈਂਬਰ ਹਨ। ਪ੍ਰਧਾਨ ਮੰਤਰੀ ਨੇ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਅਤੇ ਉੱਥੇ ਮੌਜੂਦ ਸ਼ਰਧਾਲੂਆਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਉੱਤੇ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਹੋਣ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਕਾਰਨਾਂ ਕਰਕੇ ਉਹ ਨਗਰ ਕੀਰਤਨ ਵਿੱਚ ਸ਼ਾਮਲ ਨਾ ਹੋ ਸਕੇ। ਉਨ੍ਹਾਂ ਇਸ ਕਾਰਜ ਲਈ ਸਮੁੱਚੀ ਸਿੱਖ ਸੰਗਤ ਨੂੰ ਵਧਾਈ ਦਿੱਤੀ।

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads
Need Company Drivers
Single Driver Pay 52cents/mile
Team Drivers 32 cents/mile



FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਸਤਿਆਪਾਲ ਮਲਿਕ ਦੇ ਖੁਲਾਸੇ ਨੇ ਪਾਕਿਸਤਾਨ ਪੱਖ ਨੂੰ ਕੀਤਾ ਮਜ਼ਬੂਤ:ਕਸ਼ਮੀਰ ਵਿੱਚ ਬੀਜੇਪੀ ਖਿਲਾਫ ਹੋਏ ਪ੍ਰਦਰਸ਼ਨ

ਸ੍ਰੀਨਗਰ- ਭਾਰਤ ਵਾਲੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਵੱਲੋਂ ਪੁਲਵਾਮਾ ਵਿੱਚ ਭਾਰਤੀ ਏਜੰਸੀਆਂ ਵੱਲੋਂ ਝੂਠੇ ਅਪਰੇਸ਼ਨ ਬਾਰੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤੱਥਾਂ ਨੂੰ ਛੁਪਾਉਣ ਦੇ ਖੁਲਾਸੇ ਤੋਂ ਬਾਅਦ ਕਸ਼ਮੀਰ ਵਿੱਚ ਰੋਸ ਪ੍ਰਦਰਸ਼ਨ ਕੀਤੇ। ਚੇਤੇ ਰਹੇ ਚ 2019 ਵਿੱਚ ਸੀ.ਆਰ. ਪੀ. ਐਫ ਦੇ ਕਾਫਲੇ ਤੇ ਆਤਮਘਾਤੀ ਬੰਬ ਧਮਾਕੇ ਦੀ ਘਟਨਾ ਵਾਪਰੀ ਸੀ ਅਤੇ 40ਜਵਾਨ ਮਾਰੇ ਗਏ ਤੇ ਜਖਮੀਂ ਹੋਏ ਸਨ।ਇਸ ਘਾਤਕ ਹਮਲੇ ਤੋਂ ਬਾਅਦ ਭਾਰਤ ਦੇ ਕਈ ਸ਼ਹਿਰਾਂ ਵਿੱਚ ਵਿਦਿਆਰਥੀਆਂ ਅਤੇ ਕੰਮਕਾਜੀ ਪੇਸ਼ੇਵਰਾਂ ਸਮੇਤ ਕਸ਼ਮੀਰੀਆਂ ਉੱਤੇ ਹਮਲੇ ਕੀਤੇ ਗਏ ਸਨ।ਹਾਲ ਹੀ ਵਿੱਚ ਸੱਤਿਆਪਾਲ ਮਲਿਕ ਨੇ ਕਿਹਾ ਸੀ ਕਿ ਮੋਦੀ ਨੇ ਉਨ੍ਹਾਂ ਨੂੰ ਭਾਰਤੀ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀਆਰਪੀਐਫ) ਦੇ ਜਵਾਨਾਂ ਨੂੰ ਲਿਜਾਣ ਲਈ ਭਾਜਪਾ ਸਰਕਾਰ ਦੁਆਰਾ ਸੁਰੱਖਿਆ ਵਿੱਚ ਕਮੀ ਅਤੇ ਜਹਾਜ਼ਾਂ ਤੋਂ ਇਨਕਾਰ ਕਰਨ ‘ਤੇ ਚੁੱਪ ਰਹਿਣ ਲਈ ਕਿਹਾ ਸੀ।

ਜੰਮੂ-ਕਸ਼ਮੀਰ ਦੇ ਕਾਂਗਰਸ ਪ੍ਰਧਾਨ ਵਿਕਾਰ ਰਸੂਲ ਵਾਨੀ ਦੀ ਅਗਵਾਈ ਵਿੱਚ, ਸੈਂਕੜੇ ਲੋਕਾਂ ਨੇ ਮੋਦੀ ਅਤੇ ਭਾਜਪਾ ਦੇ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਭਾਰਤੀ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ ਆਪਣੇ “ਚੋਣ ਲਾਭਾਂ” ਲਈ ਫੌਜਾਂ ਨੂੰ ਬਲੀ ਦਾ ਬੱਕਰਾ ਬਣਾਉਣ ਲਈ ਭਾਰਤੀ ਲੋਕਾਂ ਤੋਂ ਮੁਆਫੀ ਮੰਗਣ।ਹਾਲ ਹੀ ਵਿੱਚ ਇੱਕ




ਇੰਟਰਵਿਊ ਵਿੱਚ, ਕਸ਼ਮੀਰ ਦੇ ਤਤਕਾਲੀ ਰਾਜਪਾਲ ਸਤਿਆਪਾਲ ਮਲਿਕ ਨੇ ਕਿਹਾ ਕਿ ਸੀਆਰਪੀਐਫ ਨੇ ਸ਼੍ਰੀਨਗਰ ਤੋਂ ਆਪਣੇ ਕਰਮਚਾਰੀਆਂ ਨੂੰ ਲੈ ਕੇ ਜਾਣ ਲਈ ਇੱਕ ਵਿਸ਼ੇਸ਼ ਜਹਾਜ਼ ਦੀ ਮੰਗ ਕੀਤੀ ਸੀ, ਹਾਲਾਂਕਿ, ਭਾਰਤ ਦੇ ਗ੍ਰਹਿ ਮੰਤਰਾਲੇ ਨੇ ਇਸ ਬੇਨਤੀ ਨੂੰ ਰੱਦ ਕਰ ਦਿੱਤਾ ਸੀ। ਮਲਿਕ ਨੇ ਇੰਟਰਵਿਊ ਦੌਰਾਨ ਕਿਹਾ ਸੀ, ‘ ’ਜੇ ਜਹਾਜ਼ ਮੁਹੱਈਆ ਕਰਵਾਏ ਜਾਂਦੇ ਤਾਂ ਇਹ ਹਾਦਸਾ ਟਾਲਿਆ ਜਾ ਸਕਦਾ ਸੀ।ਸਾਬਕਾ ਰਾਜਪਾਲ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸੀਆਰਪੀਐਫ ਨੂੰ ਜਹਾਜ਼ ਦੇਣ ਤੋਂ ਇਨਕਾਰ ਕਰਨ ਬਾਰੇ ਦੱਸਿਆ ਸੀ। ਪ੍ਰਧਾਨ ਮੰਤਰੀ ਮੋਦੀ ਅਤੇ ਅਜੀਤ ਡੋਵਾਲ ਦੋਵਾਂ ਨੇ ਮੈਨੂੰ ਇਸ ‘ਤੇ ਚੁੱਪ ਰਹਿਣ ਲਈ ਕਿਹਾ। ਇਹ ਉਦੋਂ ਹੋਇਆ ਹੈ ਜਦੋਂ ਮੈਨੂੰ ਪਤਾ ਸੀ ਕਿ ਚੋਣ ਲਾਭ ਲਈ ਸਾਰਾ ਦੋਸ਼ ਪਾਕਿਸਤਾਨ ਨੂੰ ਦਿੱਤਾ ਜਾਵੇਗਾ।ਪਾਕਿਸਤਾਨ ਨੇ ਕਿਹਾ ਕਿ ਸਤਿਆਪਾਲ ਮਲਿਕ ਦੇ ਖੁਲਾਸੇ ਨੇ ਸਾਡੀ ਪੁਜੀਸਨ ਤੇ ਮੋਹਨ ਲਾ ਦਿੱਤੀ ਹੈ।ਅਸੀਂ ਉਦੋਂ ਵੀ ਕਿਹਾ ਸੀ ਇਜ ਮੋਦੀ ਵੱਲੋਂ ਚੋਣਾਂ ਵਿੱਚ ਲਾਭ ਲੈਣ ਲਈ ਇਹ ਕਤਿਾ ਗਿਆ ਹੈ।ਉਨਾ ਕਿਹਾ ਸੰਸਾਰ ਭਰ ਮੁਲਕਾਂ ਨੂੰ ਇਸ ਦਾ ਨੋਟਿਸ ਲੈਣਾਂ ਚਾਹੀਦਾ ਹੈ।ਭਾਰਤ ਬਹੁਤ ਹੀ ਗੰਦੀ ਖੇਡ ਖੇਡ ਰਿਹਾ ਹੈ।

# ‘ਮੁਸਲਿਮ ਭਰਾਵਾਂ ਦਾ ਕਤਲ ਚਲਾਕੀ ਵਾਲੀ ਚਾਲ’

## ਅਤੀਕ ਦੀ ਹੱਤਿਆ ਕਰਕੇ ਭਾਰਤ ਸਤਿਆਪਾਲ ਮਲਿਕ ਦੇ ਖੁਲਾਸਿਆਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ:ਮਹਿਬੂਬਾ



ਸ੍ਰੀਨਗਰ:ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਵਿਚ ਮੁਸਲਿਮ ਸਿਆਸਤਦਾਨ ਅਤੀਕ ਅਹਿਮਦ ਅਤੇ ਉਸ ਦੇ ਭਰਾ ਦੀ ਹੱਤਿਆ ਕਰਕੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਦੁਆਰਾ ਕੀਤੇ ਗਏ “ਖੁਲਾਸਿਆਂ” ਤੋਂ ਧਿਆਨ ਹਟਾਉਣ ਦੀ “ਚਲਾਕੀ ਵਾਲੀ ਚਾਲ” ਹੈ।ਮੁਫਤੀ ਨੇ ਇੱਕ ਟਵੀਟ ਵਿੱਚ ਕਿਹਾ, “ਉੱਤਰ ਪ੍ਰਦੇਸ਼ ਵਿੱਚ ਅਰਾਜਕਤਾ ਅਤੇ ਜੰਗਲ ਦਾ ਰਾਜ਼ ਹੈ। ਜੈ ਸ਼੍ਰੀ ਰਾਮ ਦੇ ਨਾਅਰਿਆਂ ਦੇ ਵਿਚਕਾਰ ਹਿੰਦੂ ਤਵੀ ਕਾਤਲ ਮੁਸਲਮਾਨਾ ਦੇ ਕਤਲ ਦਾ ਜਸ਼ਨ ਮਨਾਉਂਦੇ ਹਨ।ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੇ ਮੁਖੀ ਨੇ ਅੱਗੇ ਕਿਹਾ, “ਪੁਲਵਾਮਾ ਹਮਲੇ ਅਤੇ ਭ੍ਰਿਸ਼ਟਾਚਾਰ ਬਾਰੇ ਸਤਿਆਪਾਲ ਮਲਿਕ ਦੇ ਘਿਨਾਉਣੇ ਖੁਲਾਸੇ ਤੋਂ ਧਿਆਨ ਹਟਾਉਣ ਲਈ ਇਹ ਕਤਲ ਇੱਕ ਚਲਾਕੀ ਵਾਲੀ ਚਾਲ ਹੈ।ਭਾਰਤੀ ਸਿਆਸਤਦਾਨ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਨੂੰ ਇੱਕ ਮੀਡੀਆ ਗੱਲਬਾਤ ਦੇ ਵਿਚਕਾਰ ਪੱਤਰਕਾਰਾਂ ਦੇ ਭੇਸ ਵਿੱਚ ਤਿੰਨ ਵਿਅਕਤੀਆਂ ਵੱਲੋਂ ਜੈ ਸ਼ਰੀ ਰਾਮ ਦੇ ਜੈਕਾਰੇ ਲਾਉਂਦੇ ਹੋਏ ਮੁਸਲਿਮ ਭਰਾਵਾਂ ਨੂੰ ਗੋਲੀ ਮਾਰ ਦਿੱਤੀ ਗਈ ਜਦੋਂ ਪੁਲਿਸ ਕਰਮਚਾਰੀਆਂ ਦੁਆਰਾ ਉਨਾ ਨੂੰ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਇੱਕ ਮੈਡੀਕਲ ਕਾਲਜ ਵਿੱਚ ਜਾਂਚ ਲਈ ਲਿਜਾਇਆ ਜਾ ਰਿਹਾ ਸੀ।

# ਆਡਾਨੀ ਭ੍ਰਿਸ਼ਟਾਚਾਰ ਦਾ ਪ੍ਰਤੀਕ:ਰਾਹੁਲ

ਕੋਲਾਰ:ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਅੱਜ ਕਰਨਾਟਕ ਦੇ ਕੋਲਾਰ ਵਿੱਚ ਅਡਾਨੀ ਸਮੂਹ ਦੇ ‘ਭ੍ਰਿਸ਼ਟਾਚਾਰ’ ਦਾ ਮੁੱਦਾ ਚੁੱਕਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਇੱਥੇ ‘ਜੈ ਭਾਰਤ’ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ‘ਅਡਾਨੀ ਭ੍ਰਿਸ਼ਾਟਾਚਾਰ ਦਾ ਪ੍ਰਤੀਕ’ ਹੈ। ਸਾਲ 2019 ਵਿੱਚ ਕੋਲਾਰ ਵਿੱਚ ਰਾਹੁਲ ਗਾਂਧੀ ਨੇ ‘ਮੋਦੀ ਉਪਨਾਮ’ ਸਬੰਧੀ ਟਿੱਪਣੀ ਕੀਤੀ ਸੀ, ਜਿਸ ਲਈ ਉਨ੍ਹਾਂ ਨੂੰ ਅਪਰਾਧਿਕ ਮਾਣਹਾਨੀ ਦੀ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਲੋਕ ਸਭਾ ਦੀ ਮੈਂਬਰਸ਼ਿਪ ਤੋਂ ਅਯੋਗ ਕਰਾਰ ਦਿੱਤਾ ਗਿਆ ਸੀ।ਕਰਨਾਟਕ ਵਿਧਾਨ ਸਭਾ ਚੋਣਾਂ ਦੇ 29 ਮਾਰਚ ਨੂੰ ਹੋਏ ਐਲਾਨ ਮਗਰੋਂ ਸੂਬੇ ਦੀ ਆਪਣੀ ਪਹਿਲੀ ਯਾਤਰਾ ’ਤੇ ਆਏ ਰਾਹੁਲ ਗਾਂਧੀ ਨੇ ਅਡਾਨੀ ਮੁੱਦੇ ਜ਼ਰੀਏ ਪ੍ਰਧਾਨ ਮੰਤਰੀ ’ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ, ‘‘ਮੈਨੂੰ ਸੰਸਦ ਤੋਂ ਅਯੋਗ ਕਰਾਰ ਦਿੱਤਾ ਗਿਆ ਸੀ। ਉਹ (ਕੇਂਦਰੀ ਸਰਕਾਰ) ਸੋਚਦੇ ਹਨ ਕਿ ਉਹ ਮੈਨੂੰ ਹਟਾ ਕੇ ਡਰਾਉਣਗੇ।ਮੈਂ ਡਰਨ ਵਾਲਾ ਨਹੀਂ ਹਾਂ।


BHARTI ART JEWELLERS

WORLD CLASS IMPORTS OF GOLD AND DIAMOND JEWELLERY

ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ

USA ਕਸਟਮਰਜ਼ ਲਈ ਸਪੈਸ਼ਲ ਰੇਟ

42nd Anniversary Celebration





New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ





**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਭਾਰਤ ਵਿੱਚ ਖਾਲਿਸਤਾਨ ਦੀ ਲਹਿਰ ਦੇ ਉਭਰਦੇ ਸੰਕੇਤ

ਅੰਮ੍ਰਿਤਸਰ, (ਭਾਰਤ) – ਪੰਜਾਬ ਵਿੱਚ ਖਾਲਿਸਤਾਨ ਪ੍ਰਤੀ ਲਹਿਰ ਦੇ ਪੁਨਰ ਸੁਰਜੀਤੀ ਦੇ ਸੰਕੇਤ ਮਿਲ ਰਹੇ ਹਨ।ਸੀਨੀਅਰ ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਪੰਜਾਬ ਵਿੱਚ ਖਾਲਿਸਤਾਨ ਨਾਮਕ ਇੱਕ ਸੁਤੰਤਰ ਰਾਜ ਲਈ ਨਵੇਂ ਸਿਰੇ ਤੋਂ ਉਭਾਰ ਆਇਆ ਹੈਹਾਲ ਹੀ ਦੀਆਂ ਘਟਨਾਵਾਂ 1980 ਦੇ ਦਹਾਕੇ ਵਿਚ ਸਿੱਖ ਬਗਾਵਤ ਦੀਆਂ ਯਾਦਾਂ ਨੂੰ ਤਾਜ਼ਾ ਕਰਦੀਆਂ ਹਨ, ਜਦੋਂ ਭਾਰਤੀ ਫੌਜ ਨੇ ਅੰਮ੍ਰਿਤਸਰ ਵਿਚ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ, ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਸੀ, ਜਿਸ ਵਿਚ ਸਿੱਖ ਖਾੜਕੂ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸ਼ਹੀਦ ਹੋ ਗਏ ਸਨ।ਹਾਲ ਵੀ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਨੂੰ ਭਿੰਡਰਾਂਵਾਲੇ ਦਾ ਵਿਰਸਾ ਸੰਭਾਲਣ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ।ਖਾਲਿਸਤਾਨ ਦੀ ਮੰਗ ਵਿਦੇਸ਼ਾਂ ਵਿੱਚ ਵੀ ਵਿੱਚ ਗੂੰਜ ਰਹੀ ਹੈ। ਮਾਰਚ ਵਿੱਚ, ਅੰਮ੍ਰਿਤਪਾਲ ਦੀ ਤਸਵੀਰ ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਸਮਰਥਕਾਂ ਦੇ ਇੱਕ ਸਮੁੰਦਰ ਉੱਤੇ ਇੱਕ ਸਕਰੀਨ ਉੱਤੇ ਪੇਸ਼ ਕੀਤੀ ਗਈ ਸੀ।ਅੰਮ੍ਰਿਤਪਾਲ ਸਿੰਘ ਨੇ ਮੀਡੀਆ ਇੰਟਰਵਿਊਆਂ ਵਿੱਚ ਕਿਹਾ ਹੈ ਕਿ ਖਾਲਿਸਤਾਨ "ਦੁੱਖਾਂ ਨੂੰ ਖਤਮ ਕਰੇਗਾ।ਉਨ੍ਹਾਂ ਪੰਜਾਬ ਦੀ "ਆਜ਼ਾਦੀ" ਦੀ ਮੰਗ ਕੀਤੀ ਹੈ।ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੌਨਿਹਾਲ ਸਿੰਘ ਨੇ ਕਿਹਾ "ਖਾਲਿਸਤਾਨ ਚਮੜੀ ਦੇ ਹੇਠਾਂ ਇੱਕ ਨਾਸੂਰ ਵਾਂਗ ਹੈ।ਖਾਲਿਸਤਾਨ ਲਈ ਕੋਈ ਜਨਤਕ ਫਤਵਾ ਨਹੀਂ ਹੈ, ਚਿੰਤਾ ਇਹ ਹੈ ਕਿ ਇੱਕ ਹੀ ਝਟਕਾ ਇੱਕ ਵੱਡਾ ਅੰਦੋਲਨ ਬਣ ਸਕਦਾ ਹੈ"।ਟਾਂਵੇ ਟਾਂਵੇ ਬੰਬ ਧਮਾਕਿਆਂ, ਪੁਲਿਸ ਥਾਣਿਆਂ 'ਤੇ ਹਮਲੇ ਅਤੇ ਧਾਰਮਿਕ ਨੇਤਾਵਾਂ ਦੀਆਂ ਹੱਤਿਆਵਾਂ ਦੇ ਨਾਲ ਵੱਖ-ਵੱਖ ਹਿੰਸਾ ਹੋਈ ਹੈ।

ਨਵੀਂ ਕੌਮ ਬਣਾਉਣ ਲਈ ਪੰਜਾਬ ਵਿੱਚ ਸਾਡੇ ਕੋਲ ਕੀ ਹੈ? ਤੁਸੀਂ ਕੁਝ ਫੈਕਟਰੀਆਂ ਵਿੱਚੋਂ ਇੱਕ ਦੇਸ਼ ਨਹੀਂ ਬਣਾ ਸਕਦੇ ਹੋ, "ਮਾਹਿਲਪੁਰ ਦੇ ਇੱਕ ਛੋਟੇ ਜਿਹੇ ਕਸਬੇ ਵਿੱਚ ਇੱਕ 20 ਸਾਲਾ ਵਿਅਕਤੀ ਨੇ ਕਿਹਾ, ਜਿਸ ਨੇ ਸਰਕਾਰੀ ਕਾਰਵਾਈ ਬਾਰੇ ਚਿੰਤਾ ਵਿੱਚ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਗੱਲ ਕੀਤੀ। ਇੱਕ ਸੋਨੇ ਦੇ ਦੰਦ, ਇੱਕ ਚਾਂਦੀ ਦੀ ਚੇਨ ਅਤੇ ਇੱਕ ਮਿਆਮੀ ਲੋਗੋ ਵਾਲੀ ਕਮੀਜ਼ ਦੇ ਨਾਲ, ਉਹ ਇੱਕ ਦੋਸਤ ਦੇ ਮੋਟਰਸਾਈਕਲ 'ਤੇ ਚੜ੍ਹਿਆ ਜਿਸ ਦੇ ਹੈਂਡਲਬਾਰਾਂ 'ਤੇ ਭਿੰਡਰਾਂਵਾਲੇ ਦਾ ਸਟਿੱਕਰ ਲੱਗਾ ਹੋਇਆ ਸੀ।

ਅੱਜ ਕੱਲ ਸਿੱਖ ਗੁਰਦਵਾਰਿਆਂ ਤੋਂ ਹਟ ਕੇ ਨਿੱਜੀ ਥਾਵਾਂ 'ਤੇ ਭਿੰਡਰਾਂਵਾਲੇ ਦੀ ਤਸਵੀਰ ਮੁੜ ਉੱਭਰ ਕੇ ਸਾਹਮਣੇ ਆਈ ਹੈ। ਹਾਲਾਂਕਿ ਬਹੁਤ ਲੋਕਾਂ ਲਈ ਇਹ ਖਾਲਿਸਤਾਨੀ ਹਮਦਰਦੀ ਨੂੰ ਦਰਸਾਉਂਦਾ ਹੈ, ਦੂਜਿਆਂ ਲਈ ਇਹ ਇਤਿਹਾਸਕ ਅਨਿਆਂ ਵਿਰੁੱਧ ਸਿੱਖਾਂ ਦੇ ਵਿਰੋਧ ਦਾ ਪ੍ਰਤੀਕ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਸ਼ਾਸਨ ਦੇ ਸਮਰਥਕਾਂ ਦੁਆਰਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਨ ਦੀ



ਲਗਾਤਾਰ ਕੀਤੀ ਜਾ ਰਹੀ ਮੰਗ ਨੇ ਸਿੱਖਾਂ ਨੂੰ ਹੋਰ ਗੁੱਸੇ ਵਿੱਚ ਲਿਆ ਦਿੱਤਾ ਹੈ,।ਜੋ ਵੱਖ ਹੋਣ ਦਾ ਸਮਰਥਨ ਨਹੀਂ ਕਰਦੇ ਹਨ ਉਹ ਪੁੱਛਦੇ ਹਨ, "ਜੇ ਤੁਸੀਂ ਇੱਕ ਹਿੰਦੂ ਰਾਸ਼ਟਰ ਦੀ ਮੰਗ ਕਰ ਸਕਦੇ ਹੋ, ਤਾਂ ਅਸੀਂ ਸਿੱਖ ਕਿਉਂ ਨਹੀਂ ਸਿੱਖ ਰਾਸ਼ਟਰ ਨਹੀਂ ਗੱਲ ਕਰ ਸਕਦੇ?"ਪੰਜਾਬ ਸਾਲਾਂ ਤੋਂ ਭਾਰਤ ਲਈ ਰੋਟੀ ਦੀ ਟੋਕਰੀ ਰਿਹਾ ਹੈ। ਭਾਵੇਂ ਪੰਜਾਬ ਭਾਰਤ ਦੇ ਸਭ ਤੋਂ ਅਮੀਰ ਰਾਜਾਂ ਵਿੱਚੋਂ ਇੱਕ ਰਿਹਾ ਹੈ, ਇਹ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ ਅਤੇ ਖੇਤੀ ਸੰਕਟਾਂ ਨਾਲ ਪੀੜਤ ਹੈ, ਅਤੇ ਇਸਦੀ ਵਿਕਾਸ ਦਰ ਹੁਣ ਸਭ ਤੋਂ ਘੱਟ ਹੈ।

ਅੰਮ੍ਰਿਤਪਾਲ ਸਿੰਘ ਦੇ ਗ੍ਰਹਿ ਪਿੰਡ ਜੱਲੂਪੁਰ ਖੇੜਾ ਵਿੱਚ ਇੱਕ 40 ਸਾਲਾ ਵਿਅਕਤੀ ਅਨੂਪ ਸਿੰਘ ਨੇ ਕਿਹਾ, "ਲੋਕਾਂ ਵਿੱਚ ਸਪੱਸ਼ਟ ਤੌਰ 'ਤੇ ਗੁੱਸਾ ਹੈ। ਉਸਨੇ ਰਾਜ ਭਰ ਵਿੱਚ ਦੱਸੀ ਗਈ ਇੱਕ ਸਮੱਸਿਆ ਵੱਲ ਇਸ਼ਾਰਾ ਕੀਤਾ: ਨਸ਼ਿਆਂ ਦੀ ਇੱਕ ਮਹਾਂਮਾਰੀ, ਜਿਸ ਨੇ ਪਿਛਲੇ ਸਾਲ ਉਸਦੇ ਪਿੰਡ ਵਿੱਚ ਤਿੰਨ ਨੌਜਵਾਨਾਂ ਦੀ ਜਾਨ ਲੈ ਲਈ ਸੀ। ਇੱਥੋਂ ਤੱਕ ਕਿ ਸਾਬਕਾ ਪੁਲਿਸ ਅਧਿਕਾਰੀ ਵੀ ਦੋਸ਼ ਲਗਾਉਂਦੇ ਹਨ ਕਿ ਪੰਜਾਬ ਦੀ ਨਸ਼ਿਆਂ ਦੀ ਸਮੱਸਿਆ ਸਰਕਾਰ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਜੁੜੀ ਹੋਈ ਹੈ।

ਹਾਲਾਂਕਿ ਲੋਕ ਅੰਮ੍ਰਿਤਪਾਲ ਸਿੰਘ ਦੀਆਂ ਸਾਰੀਆਂ ਕਾਰਵਾਈਆਂ ਨਾਲ ਸਹਿਮਤ ਨਹੀਂ ਹੋ ਸਕਦੇ ਹਨ, ਉਹ ਉਸਦੀ ਨਸ਼ਾ-ਵਿਰੋਧੀ ਮੁਹਿੰਮ ਦੀ ਸ਼ਲਾਘਾ ਕਰਦੇ ਹਨ, ਉਹਨਾਂ ਦੇ ਗੁਰਦੁਆਰੇ ਦੇ ਨੇੜੇ ਉਸ ਦੇ ਅੱਧੇ-ਨਿਰਮਿਤ ਢਾਂਚੇ ਵੱਲ ਇਸ਼ਾਰਾ ਕਰਦੇ ਹਨ ਜਿਸਦੀ ਕਲਪਨਾ ਨਸ਼ੇ ਦੇ ਇਲਾਜ ਲਈ ਇੱਕ ਕੇਂਦਰ ਵਜੋਂ ਕੀਤੀ ਗਈ ਹੈ।ਅੱਜ ਦੇ ਹਾਲਾਤ ਵਿੱਚ ਪੰਜਾਬ ਦੇ ਜ਼ਿਆਦਾਤਰ ਹੋਰ ਲੋਕ ਵੀ ਅੰਮ੍ਰਿਤਪਾਲ ਸਿੰਘ ਪ੍ਰਤੀ ਵਧੇਰੇ ਉਦਾਸ ਨਜ਼ਰ ਆਏ।

ਇੰਟਰਵਿਊ ਕੀਤੇ ਗਏ ਲਗਭਗ ਸਾਰੇ ਲੋਕਾਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਇੰਟਰਨੈਟ ਬੰਦ ਕਰਨ ਅਤੇ ਸੋਸ਼ਲ ਮੀਡੀਆ ਸੈਂਸਰਸ਼ਿਪ ਸਮੇਤ ਸਰਕਾਰੀ ਕਰੈਕਡਾਊਨ ਸਥਿਤੀ ਨੂੰ ਹੋਰ ਭੜਕਾਏਗਾ। ਉਨ੍ਹਾਂ ਨੇ ਪੰਜਾਬ ਦੇ ਹਰ ਬੱਚੇ ਦੇ ਦਿਲ ਵਿੱਚ ਅੱਗ ਬਾਲ ਦਿੱਤੀ ਹੈ। ਉਹ ਨਹੀਂ ਜਾਣਦੇ ਕਿ ਕਿੰਨੇ ਹੋਰ ਪੰਜਾਬ ਵਿੱਚ ਹੋਰ ਕਿੰਨੇ ਕੁ ਅੰਮ੍ਰਿਤਪਾਲ ਰਹਿੰਦੇ ਹਨ, ਪੰਜਾਬ ਵਾਸੀ ਅਨੂਪ ਸਿੰਘ ਨੇ ਕਿਹਾ ਕਿ 200 ਤੋਂ ਵੱਧ ਲੋਕਾਂ ਦੀ ਗ੍ਰਿਫਤਾਰੀ ਇਸ ਅੱਗ ਨੂੰ ਹੋਰ ਭੜਕ ਸਕਦੀ ਹੈ। ਇੱਕ ਪ੍ਰਮੁੱਖ ਸਿੱਖ ਸਿਆਸੀ ਆਗੂ ਦੀ ਪੋਤੀ ਅਤੇ ਸਿੱਖ ਪ੍ਰਬੰਧਕ ਕਮੇਟੀ ਵਜੋਂ ਕੰਮ ਕਰਨ ਵਾਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕਿਰਨਜੋਤ ਕੌਰ ਨੇ ਕਿਹਾ, "ਇੱਕ ਵਾਰ ਜਦੋਂ ਤੁਸੀਂ ਉਨ੍ਹਾਂ ਨੂੰ ਜੇਲ੍ਹ ਵਿੱਚ ਸੁੱਟ ਦਿੰਦੇ ਹੋ, ਤਾਂ ਤੁਸੀਂ ਉਨ੍ਹਾਂ ਨੂੰ ਉਮਰ ਭਰ ਲਈ ਕੱਟੜਪੰਥੀ ਬਣਾ ਦਿੰਦੇ ਹੋ।1984 ਵਿਚ ਹਰਿਮੰਦਰ ਸਾਹਿਬ 'ਤੇ ਸਰਕਾਰ ਦੇ ਹਮਲਾ, ਜਿਸ ਵਿਚ ਭਿੰਡਰਾਂਵਾਲੇ ਸ਼ਹੀਦ ਹੋ ਗਏ,ਇੰਦਰਾਂ ਗਾਂਧੀ ਦੇ ਦੋ ਅੰਗ ਰੱਖਿਅਕਾਂ ਨੇ ਉਸ ਦੀ ਹੱਤਿਆ ਕਰ ਦਿੱਤੀ ਸੀ, ਅਤੇ ਦਿੱਲੀ ਵਿਚ ਸਿੱਖ ਵਿਰੋਧੀ ਕਤਲੇਆਮ ਹੋਇਆ। ਅਗਲੇ ਦਹਾਕੇ ਵਿੱਚ ਸਿੱਖ ਖਾੜਕੂਆਂ ਅਤੇ ਪੁਲਿਸ ਵਿਚਕਾਰ ਤਿੱਖਾ ਸੰਘਰਸ਼ ਹੋਇਆ। ਹਜ਼ਾਰਾਂ ਨੌਜਵਾਨ ਸਰਕਾਰ ਨੇ ਲਾਪਤਾ ਕੀਤੇ ਕੁਝ ਝੂਠੇ ਮੁਕਾਬਲਿਆਂ ਵਿੱਚ ਮਾਰੇ ਬਹੁਤ ਸਾਰੇ ਜੁਝਾਰੂਆਂ ਨੇ ਅਣਖ ਨਾਲ ਲੜਦਿਆਂ ਸ਼ਹੀਦੀਆਂ ਪਾਈਆਂ ਤੇ ਹਿੰਦੋਸਤਾਨ ਦਾ ਵੱਡਾ ਨੁਕਸਾਨ ਕੀਤਾ।ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਤਕਰੀਬਨ ਸੱਤ ਸਾਲ ਤੋਂ ਪੰਜਾਬ ਚ ਮੁੜ ਸਿੱਖ ਲਹਿਰ ਉਭਾਰ ਵਿੱਚ ਆਈ ਹੈ।। ਸੁਰਖਿਆ ਅਧਿਕਾਰੀ ਵਿਦੇਸ਼ੀ ਕਲਾਕਾਰਾਂ ਨੂੰ ਦੋਸ਼ੀ ਠਹਿਰਾਉਂਦੇ ਹੋਏ ਦੋਸ਼ ਲਗਾਉਂਦੇ ਹਨ ਕਿ ਪਾਕਿਸਤਾਨੀ ਖੁਫੀਆ ਏਜੰਸੀਆਂ ਨੇ ਡਰੋਨ ਰਾਹੀਂ ਵੱਖਵਾਦੀਆਂ ਨੂੰ ਅਸਲਾ ਭੇਜਿਆ ਹੈ ਅਤੇ ਕੈਨੇਡੀਅਨ ਸਿੱਖ ਸਮੂਹ ਖਾਲਿਸਤਾਨ ਦੀ ਲਹਿਰ ਨੂੰ ਸਹਿਯੋਗ ਦੇ ਰਹੇ ਹਨ। ਪਾਕਿਸਤਾਨ ਨੇ ਭਾਰਤ ਦੇ ਦੋਸ਼ਾ ਨੂੰ ਨਕਾਰਿਆ ਹੈ।

ਹਰਿਮੰਦਰ ਸਾਹਿਬ ਦੇ ਨਾਲ ਵਾਲੀ ਗਲੀ ਵਿੱਚ ਆਪਣੀ ਦੁਕਾਨ ਵਿੱਚ ਭਿੰਡਰਾਂਵਾਲੇ ਦੀ ਫੋਟੋ ਰੱਖਣ ਵਾਲੇ ਸਤਪਾਲ ਦਾਨਿਸ਼ ਨੇ ਕਿਹਾ, "ਅੱਜ ਤੱਕ ਕੋਈ ਸ਼ਾਂਤੀ ਨਹੀਂ ਹੈ।, ਦਾਨਿਸ਼ ਨੇ ਯਾਦ ਕੀਤਾ ਕਿ ਉਸ ਦਾ ਭਰਾ ਦਿੱਲੀ ਸਿੱਖ ਕਤਲੇਆਮ ਵਿੱਚ ਮਾਰਿਆ ਗਿਆ ਸੀ। 1984 ਦਾ ਦੁੱਖ ਅਜੇ ਵੀ ਜਾਰੀ ਹੈ।

ਆਰ.ਐਸ. ਬੈਂਸ, ਇੱਕ ਵਕੀਲ ਜੋ ਅੰਮ੍ਰਿਤਪਾਲ ਸਿੰਘ ਦੀ ਭਾਲ ਦੌਰਾਨ ਗ੍ਰਿਫਤਾਰ ਕੀਤੇ ਗਏ ਕੁਝ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ ਨੇ ਕਿਹਾ ਕਿ ਪੰਜਾਬ ਵਿੱਚ ਮੁੱਖ ਧਾਰਾ ਦੀਆਂ ਸਿੱਖ ਜਥੇਬੰਦੀਆਂ ਦਾ ਸਮਰਥਨ ਖਤਮ ਹੋ ਗਿਆ ਹੈ, ਜਿਸ ਨਾਲ ਇੱਕ ਸਿਆਸੀ ਖਲਾਅ ਪੈਦਾ ਹੋ ਗਿਆ ਹੈ। ਇਸ ਖਲਾਅ ਵਿੱਚ ਅੰਮ੍ਰਿਤਪਾਲ ਸਿੰਘ ਨੇ ਕਦਮ ਰੱਖਿਆ।

ਖਾਸ ਤੌਰ 'ਤੇ ਉਨ੍ਹਾਂ ਦੇ ਨਸ਼ਾ ਵਿਰੋਧੀ ਮੁਹਿੰਮ ਦੇ ਕਦਮ ਅਤੇ ਖਾਲਿਸਤਾਨ ਦੀ ਵਿਚਾਰਧਾਰਾ ਇੱਕ " ਨਵਾਂ ਸੁਮੇਲ ਹੈ ਜਿਸਨੂੰ ਭਾਰਤ ਲਈ ਖਤਰਨਾਕ ਕਿਹਾ ਜਾ ਸਕਦਾ ਹੈ।ਕਿਸਾਨ ਮੋਰਚਾ ਦਿੱਲੀ ਦੇ ਬਿਲਕੁਲ ਬਾਹਰ ਇੱਕ ਸਾਲ ਚੱਲਿਆ ਜੋ ਆਖਰਕਾਰ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਕਾਰਨ ਬਣਿਆ। ਕਿਸਾਨਾਂ ਮੋਰਚੇ ਵਿੱਚ ਭਾਰੀ ਪੰਜਾਬੀ ਪ੍ਰਤੀਨਿਧਤਾ ਸੀ, ਅਤੇ ਦੇਸ਼ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਇਸਨੂੰ ਖਾਲਿਸਤਾਨੀ ਪੱਖੀ ਵਜੋਂ ਰੰਗਣ ਦੀ ਕੋਸ਼ਿਸ਼ ਕੀਤੀ, ਪਰ ਇਸਦਾ ਵੱਡਾ ਹਿੱਸਾ ਗੈਰ-ਸੰਪਰਦਾਇਕ ਸੀ। ਪੰਜਾਬ ਭਰ ਵਿੱਚ ਮਸ਼ਹੂਰ ਇੱਕ ਸਟਿੱਕਰ ਵਿੱਚ ਲਿਖਿਆ ਸੀ: "ਅਸੀਂ ਕਿਸਾਨ ਹਾਂ, ਅੱਤਵਾਦੀ ਨਹੀਂ।"

ਕੁਝ ਨੇਤਾਵਾਂ ਦਾ ਕਹਿਣਾ ਹੈ ਕਿ ਕਿਸਾਨਾਂ ਦੇ ਵਿਰੋਧ ਨੇ ਖਾਲਿਸਤਾਨ ਪੱਖੀ ਸਟ੍ਰੈਂਡ ਲਾਮਬੰਦ ਕੀਤਾ। "ਅੰਦਰੂਨੀ ਤੌਰ 'ਤੇ, ਅਸੀਂ ਸਾਰੇ ਖਾਲਿਸਤਾਨ ਲਈ ਹਾਂ," ਚੱਲ ਰਹੇ ਵਿਰੋਧ ਪ੍ਰਦਰਸ਼ਨ ਦੇ 68 ਸਾਲਾ ਆਗੂ ਗੁਰਚਰਨ ਸਿੰਘ ਬਾਪੂ ਜੀ ਨੇ ਕਿਹਾ। ਜੇਕਰ ਸਾਡਾ ਆਪਣਾ ਖਾਲਿਸਤਾਨ ਹੁੰਦਾ ਤਾਂ ਸਾਨੂੰ ਇਸ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਭੀਖ ਨਾ ਮੰਗਣੀ ਪੈਂਦੀ।

ਖਾਲਿਸਤਾਨ ਦਾ ਮਤਲਬ ਸਿੱਖ ਭਾਈਚਾਰੇ ਨੂੰ ਧਾਰਮਿਕ ਸਿਧਾਂਤਾਂ ਦੇ ਦੁਆਲੇ ਇਕੱਠਾ ਕਰਨ ਅਤੇ ਭਾਈਚਾਰੇ ਦੀਆਂ ਰਾਜਨੀਤਿਕ ਮੰਗਾਂ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਨ ਲਈ ਇੱਕ ਨਾਅਰਾ ਹੈ। ਰੋਸ ਮੁਜ਼ਾਹਰੇ ਵਿੱਚ ਇੱਕ ਪ੍ਰਮੁੱਖ ਸਿੱਖ ਜਥੇਬੰਦੀ ਦੇ ਮੈਂਬਰ ਪਲਵਿੰਦਰ ਸਿੰਘ ਤਲਵਾੜਾ ਨੇ ਕਿਹਾ, "ਅਸੀਂ ਪੰਜਾਬ ਦੀ ਭਲਾਈ ਲਈ ਹਾਂ। "ਅਸੀਂ ਚਾਹੁੰਦੇ ਹਾਂ ਕਿ ਇੱਕ ਸਪਸ਼ਟ ਅਤੇ ਸਥਿਰ ਪੰਜਾਬੀ ਰਾਜਨੀਤੀ ਉਭਰ ਕੇ ਸਾਹਮਣੇ ਆਵੇ। ਉਨਾ ਇਹ ਵੀ ਕਿਹਾ ਇਸ ਸਮੇਂ ਸਿੱਖਾਂ ਦਾ ਕੋਈ ਆਗੂ ਨਹੀਂ ਹੈ।

**-ਧੰਨਵਾਦ ਸਹਿਤ: ਵਾਸ਼ਿੰਗਟਨ ਪੋਸਟ**

# ਹੁਣ ਕੋਈ ਮਾਫ਼ੀਆ ਧਮਕਾ ਨਹੀਂ ਸਕੇਗਾ: ਯੋਗੀ

ਲਖਨਊ:ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਗੈਂਗਸਟਰ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ਼ ਦੀ ਹੱਤਿਆ ਮਗਰੋਂ ਅੱਜ ਪਹਿਲੀ ਵਾਰ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਸੂਬੇ ਵਿੱਚ ਹੁਣ ਕੋਈ ਮਾਫੀਆ ਜਾਂ ਅਪਰਾਧੀ ਉਦਯੋਗਪਤੀਆਂ ਨੂੰ ਧਮਕਾ ਨਹੀਂ ਸਕੇਗਾ। ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ''2017 ਤੋਂ ਪਹਿਲਾਂ ਸੂਬਾ ਦੰਗਿਆਂ ਕਾਰਨ ਬਦਨਾਮ ਸੀ। 2012 ਤੋਂ 2017 ਤੱਕ ਸੂਬੇ ਵਿੱਚ 700 ਤੋਂ ਵੱਧ ਦੰਗੇ ਹੋਏ ਹਨ। 2017 ਮਗਰੋਂ ਇੱਕ ਵੀ ਦੰਗਾ ਨਹੀਂ ਹੋਇਆ। ਪਹਿਲਾਂ ਜ਼ਿਲ੍ਹਿਆਂ ਦੇ ਨਾਮ ਤੋਂ ਹੀ ਲੋਕਾਂ ਨੂੰ ਡਰ ਲੱਗਦਾ ਸੀ। ਹੁਣ ਡਰਨ ਦੀ ਕੋਈ ਲੋੜ ਨਹੀਂ ਹੈ।


ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com



# ਹਿੰਦੂਤਵ ਦੀ ਆਲੋਚਨਾ ਕਰਨ ‘ਤੇ ਕੰਨੜ ਦਲਿਤ ਅਦਾਕਾਰ ਦਾ ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ (ਓਸੀਆਈ) ਕਾਰਡ ਰੱਦ

ਬੈਂਗਲੁਰ- ਦੱਖਣ ਭਾਰਤੀ ਕੰਨੜ ਅਭਿਨੇਤਾ ਅਤੇ ਕਾਰਕੁਨ ਚੇਤਨ ਕੁਮਾਰ, ਜਿਸ ਨੂੰ ਚੇਤਨ ਅਹਿੰਸਾ ਵਜੋਂ ਜਾਣਿਆ ਜਾਂਦਾ ਹੈ, ਨੇ ਕਿਹਾ ਹੈ ਕਿ ਮੋਦੀ ਸਰਕਾਰ ਨੇ ਹਿੰਦੂਤਵ ਦੀ ਆਲੋਚਨਾ ਕਰਨ ਲਈ ਉਸ ਦਾ ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ (ਓਸੀਆਈ) ਕਾਰਡ ਰੱਦ ਕਰ ਦਿੱਤਾ ਹੈ।ਅਭਿਨੇਤਾ, ਜੋ ਕਿ ਇੱਕ ਦਲਿਤ ਅਤੇ ਇੱਕ ਕਬਾਇਲੀ ਕਾਰਕੁਨ ਵੀ ਹੈ, ਇੱਕ ਟਵੀਟ ‘ਤੇ ਬੈਂਗਲੁਰੂ ਪੁਲਿਸ ਦੁਆਰਾ ਉਸਦੀ ਹਾਲ ਹੀ ਵਿੱਚ ਗ੍ਰਿਫਤਾਰੀ ਤੋਂ ਬਾਅਦ ਇਸ ਸਮੇਂ ਜ਼ਮਾਨਤ ‘ਤੇ ਹੈ।ਅਭਿਨੇਤਾ ਨੇ ਕਿਹਾ ਕਿ ਉਨ੍ਹਾਂ ਨੂੰ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫਤਰ ਵਿੱਚ ਆਪਣਾ ਓਸੀਆਈ ਕਾਰਡ ਜਮ੍ਹਾਂ ਕਰਾਉਣ ਲਈ ਇੱਕ ਪੱਤਰ ਮਿਲਿਆ ਹੈ।ਹਾਲਾਂਕਿ ਸਰਕਾਰ ਨੇ ਅਜੇ ਤੱਕ ਇਸ ਮਾਮਲੇ ‘ਤੇ ਆਪਣੀ ਸਥਿਤੀ ਸਪੱਸ਼ਟ ਨਹੀਂ ਕੀਤੀ ਹੈ।ਇਸ ਤੋਂ ਪਹਿਲਾਂ, 21 ਮਾਰਚ ਨੂੰ, ਚੇਤਨ ਨੂੰ ਹਿੰਦੂਤਵੀ ਆਰਐਸਐਸ-ਭਾਜਪਾ ਸ਼ਿਵਕੁਮਾਰ ਦੁਆਰਾ ਦਾਇਰ ਹਿੰਦੂਤਵੀ ਸ਼ਿਕਾਇਤਾਂ ਦੀ ਆਲੋਚਨਾ ਕਰਨ ‘ਤੇ ਕੀਤੇ ਟਵੀਟ ਨੂੰ ਲੈ ਕੇ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜਿਆ ਗਿਆ ਸੀ।


FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Professional Mortgage Consultants Plus

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

5 YEAR FIXED

4.84 %*

Foreclosure?, we can help.

QUICK & EASY APPROVALS



The Builder's Direct

Experienced & Honest

Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC




Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400

ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਧਾਰਮਿਕ ਅਸਥਾਨਾਂ ਤੇ ਸਾਦਗੀ ਨਾਲ ਅੰਦਰ ਜਾਣਾ ਚਾਹੀਦਾ:ਅਖੰਡ ਕੀਰਤਨੀ ਜਥਾ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸੱਚਖੰਡ ਸ਼੍ਰੀ ਦਰਬਾਰ ਸਾਹਿਬ ਸਿੱਖ ਪੰਥ ਦਾ ਹੀ ਨਹੀਂ ਸਮੂਹ ਲੋਕਾਈ ਦਾ ਧਾਰਮਿਕ ਅਸਥਾਨ ਹੈ।ਭਾਵੇਂ ਕਿਸੇ ਵੀਂ ਧਰਮ ਦਾ ਕੋਈ ਵੀਂ ਅਸਥਾਨ ਹੋਏ ਉੱਥੇ ਜਾਣ ਸਮੇਂ, ਜਿਥੇ ਇਨਸਾਨ ਨੂੰ ਤੜਕ ਭੜਕ, ਭੜਕੀਲੇ ਜਾਂ ਲੱਚਰਤਾ ਭਰੇ ਕਪੜੇ ਪਹਿਨ੍ਹਣ ਤੋਂ ਗੁਰੇਜ਼ ਕਰਣਾ ਚਾਹੀਦਾ ਹੈ ਉੱਥੇ ਸ਼ਰੀਰਕ ਤੌਰ ਤੇ ਸਾਫ ਸੁਥਰਾ ਅਤੇ ਸਾਦਗੀ ਭਰਿਆ ਹੋਣਾ ਚਾਹੀਦਾ ਹੈ।

ਅਖੰਡ ਕੀਰਤਨੀ ਜੱਥਾ (ਦਿੱਲੀ) ਦੇ ਸਾਬਕਾ ਪ੍ਰਧਾਨ ਭਾਈ ਅਰਵਿੰਦਰ ਪਾਲ ਸਿੰਘ ਰਾਜਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੱਚਖੰਡ ਦਰਬਾਰ ਸਾਹਿਬ ਵਿਖੇ ਇਕ ਲੜਕੀ ਵਲੋਂ ਮੂੰਹ ਤੇ ਲੀਪਾ-ਪੋਤੀ ਕਰਕੇ ਜਾਣ ਸਮੇਂ ਸੇਵਾਦਾਰ ਵਲੋਂ ਰੋਕਿਆ ਜਾਣਾ, ਸੇਵਾਦਾਰ ਦੀ ਆਪਣੇ ਗੁਰੂ ਪ੍ਰਤੀ ਨਿਸ਼ਠਾ ਨੂੰ ਸਮਰਪਿਤ ਹੋਣ ਦੇ ਨਾਲ ਰਹਿਤ ਮਰਿਯਾਦਾ ਦੀ ਪਾਲਨਾ ਕਰਣਾ ਵੀਂ ਹੈ।ਉਨ੍ਹਾਂ ਕਿਹਾ ਕਿ ਹਰ ਧਾਰਮਿਕ ਅਸਥਾਨ ਤੇ ਇਨਸਾਨ ਹੱਥ ਮੂੰਹ ਪੈਰ ਧੋ ਕੇ ਜਾਂਦਾ ਹੈ ਤੇ ਸੇਵਾਦਾਰ ਵਲੋਂ ਇਨ੍ਹਾਂ ਨੂੰ ਮੂੰਹ ਧੋ ਕੇ ਜਾਣ ਨੂੰ ਕਹਿਣ ਨਾਲ ਉਨ੍ਹਾਂ ਵਲੋਂ ਕੀਤੇ ਦੁਰਵਿਵਹਾਰ ਦੀ ਅਸੀਂ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਸਮੂਹ ਸੇਵਾਦਾਰਾਂ ਨੂੰ ਇਨ੍ਹਾਂ ਦੀ ਮਿਸਾਲ ਦੇ ਕੇ ਸਿੱਖ ਰਹਿਤ ਮਰਿਯਾਦਾ ਅਨੁਸਾਰ ਸੱਚਖੰਡ ਦਰਬਾਰ ਸਾਹਿਬ ਅਤੇ ਹੋਰ ਗੁਰੂਘਰਾਂ ਵਿਖੇ ਜਾਣੇ ਅਣਜਾਣੇ ਬਦਨਾਮੀ ਕਰਣ ਦੀਆਂ ਕੋਸ਼ਿਸ਼ਾਂ ਨੂੰ ਚਾਕ ਚੋਬੰਦ ਰਹਿੰਦੇ ਸਮੇਂ ਸਿਰ ਰੋਕਣ ਵਲ ਧਿਆਨ ਦੇਣ ਲਈ ਕਹਿਣਾ ਚਾਹੀਦਾ ਹੈ।ਇਸ ਮੌਕੇ ਉਨ੍ਹਾਂ ਨਾਲ ਮੌਜੂਦਾ ਪ੍ਰਧਾਨ ਭਾਈ ਹਰਜਿੰਦਰ ਸਿੰਘ, ਭਾਈ ਅਜੀਤਪਾਲ ਸਿੰਘ, ਭਾਈ ਗਗਨਦੀਪ ਸਿੰਘ ਅਤੇ ਹੋਰ ਬਹੁਤ ਸਾਰੇ ਜੱਥੇ ਦੇ ਸਿੰਘ ਹਾਜਿਰ ਸਨ ।

# ਅੰਧ ਵਿਸ਼ਵਾਸ ਵਿਰੁੱਧ ਕਾਨੂੰਨ ਦੀ ਲੋੜ

ਅੰਧਵਿਸ਼ਵਾਸ ਮਾਨਸਕ ਰੋਗ ਦੀ ਹੀ ਇਕ ਕਿਸਮ ਹੈ। ਸਮਾਜ ਵਿਚ ਇਹ ਬੀਮਾਰੀ ਮੱਠੇ ਜ਼ਹਿਰ ਦੀ ਤਰ੍ਹਾਂ ਫੈਲੀ ਹੋਈ ਹੈ। ਅੰਧਵਿਸ਼ਵਾਸੀ ਲੋਕਾਂ ਦੀ ਮਾਨਸਿਕਤਾ ਦਾ ਫ਼ਾਇਦਾ ਉਠਾ ਕੇ ਕਈ ਟੂਣੇ ਟੋਟਕਿਆਂ ਵਾਲੇ ਬਣੇ ਹੋਏ ਬਾਬੇ, ਆਰਥਕ ਲੁੱਟ ਦੇ ਨਾਲ-ਨਾਲ ਘਿਨੌਣੇ ਅਪਰਾਧ ਤਕ ਕਰ ਦਿੰਦੇ ਹਨ।

ਦਸ ਸਾਲ ਪਹਿਲਾਂ ਦੋ ਸਕੇ ਭਰਾਵਾਂ ਦੀ ਲੜਾਈ ਦਾ ਕੇਸ ਅਦਾਲਤ ਵਿਚ ਚਲਦਾ ਸੀ। ਇਕ ਭਰਾ ਨੇ ਦੂਜੇ ਭਰਾ ਨੂੰ ਸੱਟਾਂ ਮਾਰੀਆਂ ਸਨ। ਇਸ ਕਾਰਨ ਉਸ ਨੂੰ ਅਦਾਲਤ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਗੱਲ ਅੰਧਵਿਸ਼ਵਾਸ ਦੁਆਰਾ ਪੈਦਾ ਕੀਤੀ ਤੂੰ-ਤੂੰ ਮੈਂ-ਮੈਂ ਤੋਂ ਸ਼ੁਰੂ ਹੋ ਕੇ ਅਦਾਲਤੀ ਕੇਸ ਤਕ ਜਾ ਪਹੁੰਚੀ ਸੀ। ਦੋਵੇਂ ਭਰਾਵਾਂ ਦੀਆਂ ਪਤਨੀਆਂ ਨੂੰ ਸ਼ੱਕ ਸੀ ਕਿ ਉਹਨਾਂ ਉਪਰ ਕਿਸੇ ਅਖੌਤੀ ਸਿਆਣੇ ਤੋਂ ਢਾਲਾ ਕਰਾ ਕੇ ਲਾਹਿਆ ਜਾਂਦਾ ਹੈ। ਕਈ ਵਾਰ ਉਹਨਾਂ ਦੇ ਘਰੋਂ ਤਵੀਤ ਨਿਕਲਦੇ ਸਨ। ਗੱਲ ਵਧਦੀ ਵਧਦੀ ਮਾਰਾ-ਮਾਰੀ ’ਤੇ ਪਹੁੰਚ ਗਈ ਸੀ।

ਨਤੀਜੇ ਵਜੋਂ ਪਿਛਲੇ ਚਾਰ ਸਾਲਾਂ ਤੋ ਕੇਸ ਦਾ ਸਾਹਮਣਾ ਇਕ ਭਰਾ ਕਰ ਰਿਹਾ ਸੀ ਤੇ ਦੂਜਾ ਵੀ ਗਵਾਹੀ ਵਾਸਤੇ ਅਦਾਲਤ ਵਿਚ ਕਈ ਗੇੜੇ ਮਾਰ ਚੁੱਕਾ ਸੀ। ਪੁਲਿਸ ਨੇ ਵੀ ਰੰਜਸ਼ ਦੀ ਵਜ੍ਹਾ ਇਹ ਬਣਾਈ ਸੀ ਕਿ ਦੂਸਰੇ ਭਰਾ ਨੂੰ ਸ਼ੱਕ ਸੀ ਕਿ ਉਸ ਨੇ ਉਹਨਾਂ ਪਿੱਛੇ ਕਿਸੇ ਸਿਆਣੇ ਤੋਂ ਕਰਾ ਕੇ ਢਾਲਾ ਲਾਹ ਦਿਤਾ ਹੈ ਜਿਸ ਕਾਰਨ ਉਹਨਾਂ ਦੀ ਮੱਝ ਮਰ ਗਈ। ਇਸੇ ਕਾਰਨ ਰੰਜਸ਼ ਵਿਚ ਸੱਟ ਮਾਰੀ ਗਈ। ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਟੂਣੇ ਟੋਟਕੇ ਨੂੰ ਦਿਮਾਗ਼ ’ਚ ਭਰਨ ਵਾਲੇ ਬਾਬਿਆਂ ਨੇ ਇਕ ਪ੍ਰਵਾਰ ਦਾ ਕਿੰਨਾ ਹੀ ਆਰਥਕ ਤੇ ਭਾਈਚਾਰਕ ਸਾਂਝ ਦਾ ਨੁਕਸਾਨ ਕੀਤਾ, ਉਸ ਦੀ ਭਰਪਾਈ ਨਹੀਂ ਹੋ ਸਕਦੀ ਸੀ।

ਜਿਰਾਹ ਦੌਰਾਨ ਮੈਂ ਮੁਦਈ ਭਰਾ ਨੂੰ ਪੁਛਿਆ ਕਿ ਤੈਨੂੰ ਕਿਸ ਨੇ ਦਸਿਆ ਕਿ ਢਾਲਾ ਲਾਹਿਆ ਗਿਆ ਹੈ। ਉਸ ਨੇ ਕਿਸੇ ਹੋਰ ਢਾਲੇ ਵਾਲੇ ਬਾਬੇ ਦਾ ਨਾਮ ਲੈ ਦਿਤਾ। ਅਕਸਰ ਦੇਖਣ ਵਿਚ ਆਉਂਦਾ ਹੈ ਕਿ ਅਖੌਤੀ ਬਾਬੇ ਜਾਂ ਸਿਆਣੇ ਅਸਲ ਵਿਚ ਲੜਾਈ ਦਾ ਮੁੱਢ ਬੰਨ੍ਹ ਦਿੰਦੇ ਹਨ। ਬਹੁਤ ਸਮਝਾਉਣ ’ਤੇ ਵੀ ਦੋਵੇਂ ਭਰਾ ਨਾ ਸਮਝੇ। ਮਨਾਂ ਵਿਚ ਲਾਈ ਹੋਈ ਅੰਧਵਿਸ਼ਵਾਸ ਦੀ ਚਿੰਗਾੜੀ ਹੌਲੀ ਹੌਲੀ ਭਾਂਬੜ ਦਾ ਰੂਪ ਲੈ ਲੈਂਦੀ ਹੈ। ਪੜ੍ਹੇ ਲਿਖੇ ਤੇ ਚੰਗਾ ਮਾੜਾ ਸਮਝਣ ਵਾਲੇ ਲੋਕ ਵੀ ਅੰਧਵਿਸ਼ਵਾਸ ਫੈਲਾਉਣ ਵਾਲੇ ਬਾਬਿਆਂ ਦੇ ਚੱਕਰਾਂ ਵਿਚ ਪੈ ਜਾਂਦੇ ਹਨ। ਇਨ੍ਹਾਂ ਲੋਕਾਂ ਵਲ ਵੇਖ ਕੇ ਬਹੁਤ ਸਾਰੇ ਹੋਰ ਲੋਕ ਉਨ੍ਹਾਂ ਬਾਬਿਆਂ ਦੇ ਚੱਕਰਾਂ ਵਿਚ ਪੈ ਜਾਂਦੇ ਹਨ। ਬਹੁਤ ਸਾਰੇ ਅਪਰਾਧਾਂ ਦਾ ਮੁੱਢ ਇਨ੍ਹਾਂ ਬਾਬਿਆਂ ਵਲੋਂ ਹੀ ਬੰਨ੍ਹਿਆ ਜਾਂਦਾ ਹੈ।

ਇਸੇ ਤਰ੍ਹਾਂ ਦੇ ਇਕ ਕੇਸ ਵਿਚ ਕਿਸੇ ਟੂਣੇ ਟੋਟਕੇ ਵਾਲੇ ਬਾਬੇ ਨੇ ਇਕ ਔਰਤ ਨੂੰ ਸੋਨੇ ਦਾ ਭਰਿਆ ਕੜਾਹਾ ਘਰੋਂ ਕੱਢਣ ਦਾ ਵਹਿਮ ਪਾ ਦਿਤਾ। ਇਸ ਲਈ ਉਸ ਨੇ ਕਿਸੇ ਨੌਜਵਾਨ ਲੜਕੇ ਦੀ ਬਲੀ ਦੇਣੀ ਸੀ। ਉਸ ਨੂੰ ਕੋਈ ਹੋਰ ਤਾਂ ਨਹੀਂ ਲੱਭਿਆ ਤੇ ਅਪਣੇ ਇਕਲੌਤੇ ਪੁੱਤਰ ਨੂੰ ਬਲੀ ਦੇ ਨਾਂ ’ਤੇ ਮਾਰ ਦਿਤਾ। ਕੜਾਹਾ ਤਾਂ ਨਾ ਲਭਿਆ ਪਰ ਉਹ ਸਲਾਖ਼ਾਂ ਪਿੱਛੇ ਜ਼ਰੂਰ ਚਲੀ ਗਈ। ਇਲਾਕਾ ਮਜਿਸਟਰੇਟ ਨੇ ਤਫ਼ਤੀਸ਼ੀ ਨੂੰ ਹਦਾਇਤ ਕੀਤੀ ਕਿ ਜੇ ਜ਼ਾਹਰ ਹੈ ਕਿ ਬਾਬੇ ਨੇ ਕਾਰਾ ਕਰਾਇਆ ਤਾਂ ਉਹਨੂੰ ਵੀ ਕੇਸ ਵਿਚ ਸ਼ਾਮਲ ਕਰ ਕੇ ਗ੍ਰਿਫ਼ਤਾਰ ਕਰੋ। ਪੁਲਿਸ ਵਲੋਂ ਬਾਬਾ ਯੂ.ਪੀ. ਤੋਂ ਫੜ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਜਿਹੇ ਕਾਰਿਆਂ ਲਈ ਤਾਂ ਕਾਨੂੰਨ ਮੌਜੂਦ ਹੈ ਪਰ ਇਹ ਸਾਰਾ ਕਾਨੂੰਨ ਅਪਰਾਧ ਹੋਣ ਤੋਂ ਬਾਅਦ ਹਰਕਤ ਵਿਚ ਆਂਉਦਾ ਹੈ। ਅੰਧਵਿਸ਼ਵਾਸ ਨੂੰ ਰੋਕਣ ਲਈ ਪੰਜਾਬ ਵਿਚ ਅਜੇ ਕਾਰਗਰ ਕਾਨੂੰਨ ਨਹੀਂ ਬਣਾਇਆ ਗਿਆ।

ਪੰਜਾਬੀ ਵਿਚ ਛਪਦੇ ਬਹੁਤ ਸਾਰੇ ਅਖ਼ਬਾਰਾਂ ਵਿਚ ਟੂਣੇ ਟੋਟਕਿਆਂ ਦੇ ਇਸ਼ਤਿਹਾਰ ਦਿਤੇ ਹੁੰਦੇ ਹਨ। ਵਸੀਕਰਨ, ਦੁਸ਼ਮਣ ਨੂੰ ਤਬਾਹ ਕਰਨ ਤੇ ਹੋਰ ਅਜੀਬ-ਅਜੀਬ ਜਿਹੇ ਸਿਰਲੇਖਾਂ ਹੇਠ ਛਪਣ ਵਾਲੇ ਇਸ਼ਤਿਹਾਰ ਆਰਥਕ ਲੁੱਟ ਦਾ ਕਾਰਨ ਤਾਂ ਬਣਦੇ ਹੀ ਹਨ ਪਰ ਸਮਾਜ ਵਿਚ ਅਪਰਾਧ ਪੈਦਾ ਕਰਨ ਦੇ ਮੁੱਖ ਸਰੋਤ ਵੀ ਬਣਦੇ ਹਨ। ਇਹਨਾਂ ਇਸ਼ਤਿਹਾਰਾਂ ’ਤੇ ਸਰਕਾਰ ਨੂੰ ਪਾਬੰਦੀ ਲਗਾ ਦੇਣੀ ਚਾਹੀਦੀ ਹੈ। ਮਹਾਂਰਾਸ਼ਟਰ ਵਿਚ ਕਾਲਾ ਜਾਦੂ ਤੇ ਟੂਣੇ ਟੋਟਕੇ ਰੋਕਣ ਲਈ ਇਕ ਕਾਨੂੰਨ ਮੌਜੂਦ ਹੈ। ਉਸੇ ਤਰਜ਼ ’ਤੇ ਪੰਜਾਬ ਵਿਚ ਵੀ ਕਾਨੂੰਨ ਬਣਾਇਆ ਜਾ ਸਕਦਾ ਹੈ ਤਾਕਿ ਭੋਲੇ ਭਾਲੇ ਲੋਕਾਂ ਨੂੰ ਮਾਨਸਕ ਰੋਗੀ ਹੋਣ ਤੋਂ ਬਚਾਇਆ ਜਾ ਸਕੇ।

**-ਸੱਤਪਾਲ ਸਿੰਘ ਦਿਓਲ ਐਡਵੋਕੇਟ,**
**ਮੋਬਾਈਲ : 98781-70771**

# ਭਾਰਤ ਪਹੁੰਚੇ ਐਫ.ਬੀ.ਆਈ. ਦੇ ਉੱਚ ਅਧਿਕਾਰੀ, ਭਾਰਤੀ ਏਜੰਸੀਆਂ ਨਾਲ ਸਹਿਯੋਗ ‘ਤੇ ਹੋਈ ਗੱਲਬਾਤ

ਨਵੀਂ ਦਿੱਲੀ:ਅਮਰੀਕਾ ਦੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ.ਬੀ.ਆਈ.) ਦੇ ਅੰਤਰਰਾਸ਼ਟਰੀ ਸੰਚਾਲਨ ਵਿਭਾਗ ਦੇ ਸਹਾਇਕ ਨਿਰਦੇਸ਼ਕ, ਰੇਮੰਡ ਡੂਡਾ, ਰਾਸ਼ਟਰੀ ਰਾਜਧਾਨੀ ਨਵੀਂ ਦਿੱਲੀ ਪਹੁੰਚੇ ਅਤੇ ਭਾਰਤ ਵਿੱਚ ਕਾਨੂੰਨ ਲਾਗੂ ਕਰਨ ਲਈ ਏਜੰਸੀ ਦੇ ਸਹਿਯੋਗ ਨੂੰ ਅੱਗੇ ਵਧਾਉਣਗੇ।ਭਾਰਤ ਵਿਚ ਅਮਰੀਕੀ ਦੂਤਾਵਾਸ ਵਲੋਂ ਸੋਸ਼ਲ ਮੀਡੀਆ ‘ਤੇ ਇਸ ਸਬੰਧੀ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਟਵੀਟ ਕਰਦਿਆਂ ਲਿਖਿਆ ਕਿ ਅਮਰੀਕੀ ਦੂਤਾਵਾਸ ਐਫ.ਬੀ.ਆਈ. ਦੇ ਅੰਤਰਰਾਸ਼ਟਰੀ ਸੰਚਾਲਨ ਦੇ ਸਹਾਇਕ ਨਿਰਦੇਸ਼ਕ ਰੇਮੰਡ ਡੂਡਾ ਦਾ ਨਵੀਂ ਦਿੱਲੀ ਵਿੱਚ ਸੁਆਗਤ ਕਰ ਕੇ ਖੁਸ਼ ਹੈ।

ਡੂਡਾ ਆਪਣੀ ਫੇਰੀ ਦੌਰਾਨ ਭਾਰਤ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਨਾਲ ਐਫ.ਬੀ.ਆਈ. ਦੇ ਸਹਿਯੋਗ ਨੂੰ ਅੱਗੇ ਵਧਾਉਣਗੇ। ਅੰਤਰਰਾਸ਼ਟਰੀ ਅਪਰਾਧਾਂ ਲਈ ਅੰਤਰਰਾਸ਼ਟਰੀ ਸਹਿਯੋਗ ਦੀ ਲੋੜ ਹੈ।

AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

T&S Transportation
Hiring Owner Operators & Drivers

ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

ਲਰਨਿੰਗ ਲਾਇਸੈਂਸ
A TO Z DRIVING SCHOOL
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ
WE DO:
*CITIZENSHIP CLASSES
*NATIONAL SAFETY CODE (NSC) CLASSES
A to Z DRIVING SCHOOL
Lucky: 604-614-5365
Unit 15 - 8388 128 St., Surrey


ਮਦਰ ਇੰਡੀਆ
ਦੇ ਨਰੇਸ਼ ਸ਼ੁਕਲਾ ਅਤੇ ਸਮੂਹ ਪਰਿਵਾਰ ਵੱਲੋਂ
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਲੱਖ-ਲੱਖ ਵਧਾਈ
HAPPY
Vaisakhi
Mother India
ਨਰੇਸ਼ ਸ਼ੁਕਲਾ
Email:nareshcanada@hotmail.com
6647-Main Street (50th Ave.)
Vancouver BC V5X 3H3
FREE DELIVERY IN CANADA & USA
*with minimum order
MOTHER INDIA
Chandan
Lavender
Dant Manjan
ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ
TEL: 604-430-6072

# GURDWARA DASHMESH PUNJABI SCHOOL

DASMESH
PUNJABI SCHOOL

5930 Riverside St, Abbotsford, BC (Matsqui Village)
Email:info@dashmeshschool.ca

# ਸੰਤ ਕਿਰਪਾਲ ਸਿੰਘ ਜੀ ਛੰਨਾ ਵਾਲਿਆਂ ਦੀ

# 82 ਵੀਂ ਬਰਸੀ



ਸੰਤ ਕਿਰਪਾਲ ਸਿੰਘ ਜੀ

**ਗੁਰੂ ਪਿਆਰੇ ਖਾਲਸਾ ਜੀ,**
**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।**

ਖੇੜੀ ਚਾਹਲ, ਖੇੜੀ ਖੁਰਦ, ਸ਼ੇਰਪੁਰ, ਸੇਖਾ, ਕਿਸ਼ਨਗੜ੍ਹ ਛੰਨਾ, ਕਾਤਰੋਂ, ਤਾਜਪੁਰ, ਬਰਮੀ, ਬਸਰਾਮ, ਭੈਣੀ ਦ੍ਰੇੜਾ, ਭੈਣੀ ਬੜਿੰਗਾ, ਸੁਖਾਣੇ, ਕਲਸੀਆਂ, ਲੰਮਾਜੱਟਪੁਰਾ, ਘੁਮਾਣ ਅਤੇ ਰਾਏਕੋਟ ਇਲਾਕੇ ਦੀਆਂ ਸਮੂੰਹ ਸੰਗਤਾਂ ਸੰਤ ਬਾਬਾ ਕ੍ਰਿਪਾਲ ਸਿੰਘ ਜੀ ਛੰਨਾ ਵਾਲਿਆਂ ਦੀ 82ਵੀਂ ਬਰਸੀ ਬੜੀ ਧੂਮਧਾਮ ਨਾਲ ਗੁਰਦੁਆਰਾ ਦਸ਼ਮੇਸ਼ ਪੰਜਾਬੀ ਸਕੂਲ ਐਬਟਸਫੋਰਡ ਵਿਖੇ 5 ਮਈ ਤੋਂ 7 ਮਈ ਤਕ ਮਨਾ ਰਹੀਆਂ ਹਨ। ਸਮੂੰਹ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਕੇ ਦਰਬਾਰ ਹਾਜ਼ਰੀਆਂ ਭਰੋ ਜੀ

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ............... 5 ਮਈ, 2023 ਦਿਨ ਸ਼ੁਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ........... 7 ਮਈ, 2023 ਦਿਨ ਐਤਵਾਰ ਸਵੇਰੇ 9:00 ਵਜੇ

ਉਪਰੰਤ ਦੀਵਾਨ ਸੱਜਣਗੇ ਪੰਥ ਦੇ ਉਘੇ ਵਿਦਵਾਨ ਸੰਗਤਾਂ ਨੂੰ ਨਿਹਾਲ ਕਰਨਗੇ
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਹੋਰ ਜਾਣਕਾਰੀ ਲਈ ਫੋਨ ਕਰੋ

## ਸਰੀ

ਜੋਗਾ ਸਿੰਘ ਦਿਉਸੀ
604-507-3316
ਨਿਰਮਲ ਸਿੰਘ ਧਾਲੀਵਾਲ
(604) 599-6762
ਜਗਦੀਸ਼ ਸਿੰਘ ਗਰੇਵਾਲ
604-617-2262

ਇਕਬਾਲ ਸਿੰਘ ਸਿੱਧੂ
604-543-6532
ਪ੍ਰਿਤਪਾਲ ਸਿੰਘ ਸਿੱਧੂ
1-604-892-5713
ਕੁਲਵੰਤ ਸਿੰਘ ਗਰੇਵਾਲ
778-999-5177

## ਐਬਟਸਫੋਰਡ

ਗੁਰਿੰਦਰ ਸਿੰਘ ਸਿੱਧੂ
1-604-864-9798

ਜਗਦੇਵ ਸਿੰਘ ਸਿੱਧੂ
1-604-859-9343

ਪਲਵਿੰਦਰ ਸਿੰਘ ਕਾਤਰੋਂ
1-778-240-1543
ਮਿਸ਼ਨ
ਗੁਰਮੀਤ ਸਿੰਘ ਧਾਲੀਵਾਲ
1-(604) 826-4152
Cell:1-(604) 556-8949

# Furniture Land

Furnishing Your Home For Less

# VISAKHI SALE

Store Hours
Mon-Sun 10am. to 6pm.

**2 Locations**

## SURREY

13581 77th Avenue,
Surrey, BC V3W 6Y2
PH:(604) 591-9595
info@furnitureland.ca

## RICHMOND

12180 Bridgeport Road,
Richmond, BC V6V 1J3
PH: (604) 278-9595
richmond@furnitureland.ca

























# ਵਿਸਾਖੀ ਜੋੜ ਮੇਲਾ

# VAISAKHI JORH MELA

ANNUAL CELEBRATION BY

**KHALSA SCHOOL**

## 11 AM-6PM
## SATURDAY, APRIL 29, 2023

**AT KHALSA SCHOOL OLD YALE ROAD**
**10589 124 ST. SURREY BC**

- Nagar Kirtan
- Kirtan Darbar
- Dhadi Vaaran
- Gatka
- Fun Fair
- Games
- Bouncy Castles
- Arts & Crafts

- Food Stalls
- Pizza
- Saag & Maki Di Roti
- Pakoray
- Chaat
- Choley Bhatoorey
- Ice Cream
- Cotton Candy

## Family Friendly Event

# Everyone is Welcome!

# .Ck Auto.

## CK AUTO SERVICES LTD.

SALE

**BUY 4 TIRES & GET ALLIGNMENT AT 1/2 PRICE FLAT TYRE REPAIR FREE**




**40% off**

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

**Clearance Sale**
*Limited Quantity

**On All Seasons & Winter Tires**
(Auplus & Comforser)




**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00



**215/70R15**
GOOD YEAR INTEGRITY
Reg: ~~$120.00~~
Now : $90.00



**SALE**

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

**#1 Services On Your Special Events**

SARDAR JI CATERING

# SARDAR JI CATERING

**Website:www.sardarjicatering.com**



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

ਦੇਗ ਤੇਗ ਫਤਿਹ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

### 21 ਅਪ੍ਰੈਲ ਦਿਨ ਸ਼ੁੱਕਰਵਾਰ

*ਭਗਤ ਧੰਨਾ ਜੀ ਦੀ ਯਾਦ ਵਿੱਚ ਅਤੇ ਸਮੂਹ ਭਗਤ ਸਾਹਿਬਾਨ ਨੂੰ ਸਮਰਪਿਤ ਮੇਨ ਹਾਲ ਵਿਖੇ ਸਵੇਰੇ 9:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ ਭੋਗ 23 ਅਪ੍ਰੈਲ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ, ਉਪਰੰਤ ਸਾਰਾ ਦਿਨ ਦੀਵਾਨ ਸਜਣਗੇ।

*21 ਅਪ੍ਰੈਲ ਦਿਨ ਸ਼ੁੱਕਰਵਾਰ ਸ੍ਰੀ ਅਖੰਡਪਾਠ ਸਾਹਿਬ ਘਰ ਵਿਖੇ ਨਮਿੱਤ ਬੀਬੀ ਗੁਰਮੀਤ ਕੌਰ ਬਰਾੜ:ਵੱਲੋਂ ਸ. ਗੁਰਭੇਜ ਸਿੰਘ ਬਰਾੜ ਅਤੇ ਸਮੂਹ ਬਰਾੜ ਪਰਿਵਾਰ, ਭੋਗ ਐਤਵਾਰ ਸਵੇਰੇ 9:30 ਵਜੇ ਪੈਣਗੇ ਉਪਰੰਤ ਅੰਤਿਮ ਅਰਦਾਸ ਪ੍ਰੋਗਰਾਮ ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ ਹੋਵੇਗਾ।

ਨੋਟ:ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਗੁਰਦੁਆਰਾ ਦੁਖ ਭੰਜਨ ਸਾਹਿਬ ਐਲਡਰਗਰੋਵ ਵਿਖੇ ਮਿਤੀ 23 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 9 ਵਜੇ ਹੋਵੇਗੀ।ਸਮੂਹ ਸੰਗਤਾਂ ਹਾਜ਼ਰੀਆਂ ਭਰਕੇ ਲਾਹਾ ਪ੍ਰਾਪਤ ਕਰੋ ਜੀ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ**
ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ ਮਿਤੀ 23 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 11 ਵਜੇ ਹੋਵੇਗੀ।
ਸਮੂਹ ਸੰਗਤਾਂ ਹਾਜ਼ਰੀਆਂ ਭਰਕੇ ਲਾਹਾ ਪ੍ਰਾਪਤ ਕਰੋ ਜੀ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਰਸ਼ਵਿੰਦਰ ਸਿੰਘ ਜਲੰਧਰ ਵਾਲੇ, ਭਾਈ ਗੁਰਦੀਪ ਸਿੰਘ ਮੁਕਤਸਰ ਸਾਹਿਬ ਵਾਲੇ


*ਕਥਾ ਵਾਚਕ -ਭਾਈ ਮੋਹਕਮ ਸਿੰਘ ਜੀ ਫਗਵਾੜੇ ਵਾਲੇ *ਢਾਡੀ ਜਥਾ:ਏਕਬਲਜੋਤ ਸਿੰਘ ਇਆਲੀ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274, ਕਮਲਪ੍ਰੀਤ ਸਿੰਘ (ਲਾਂਗਰੀ)


Aggarwal
GROCERY HUB
Happy
VAISAKHI
Wishing you and your family a very happy and prosperous Vaisakhi
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ
ਦੀਆਂ ਆਪ ਸਭ ਨੂੰ ਲੱਖ ਲੱਖ ਮੁਬਾਰਕਾਂ
Web:www.thegroceryhub.ca
9:00 am to 9:00 pm Daily
12787-78Ave, Surrey, BC
604.629-5333




**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

**21 ਅਪ੍ਰੈਲ ਦਿਨ ਸ਼ੁੱਕਰਵਾਰ**

*ਸਵੇਰੇ 9 ਵਜੇ ਸ਼ੁਭਦੀਪ ਅਤੇ ਪਰਿਵਾਰ ਵੱਲੋਂ ਸ੍ਰੀ ਸਹਿਜਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਪ੍ਰਭਜੋਤ ਸਿੰਘ ਸੰਧੂ ਅਤੇ ਪਰਿਵਾਰ ਵੱਲੋਂ

*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ ਪਲਵੀਰ ਸਿੰਘ ਚੀਮਾ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਪਾਠ ਸੁਖਮਨੀ ਸਾਹਿਬ ਗੁਰਮੀਤ ਸਿੰਘ ਅਤੇ ਪਰਿਵਾਰ ਵੱਲੋਂ

**22 ਅਪ੍ਰੈਲ ਦਿਨ ਸ਼ਨਿਚਰਵਾਰ**

## ਨਗਰ ਕੀਰਤਨ ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ, ਸਰੀ

**ਐਤਵਾਰ 23 ਅਪ੍ਰੈਲ**

*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਸੇਵਾ ਸਤਨਾਮ ਸਿੰਘ ਸੰਧੂ ਅਤੇ ਪਰਿਵਾਰ ਵੱਲੋਂ

*ਸਵੇਰੇ 11 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਸੇਵਾ ਪਿਆ ਅਮਰਾ ਤੂਰ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰ ਸੇਵਾ ਕੁਲਜਿੰਦਰ ਸਿੰਘ ਅਤੇ ਪਰਿਵਾਰ ਵੱਲੋਂ

*ਦੁਪਹਿਰ 2 ਵਜੇ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰ ਸੇਵਾ ਪਰਮਿੰਦਰ ਸਿੰਘ ਸਰਾਂ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਪਾਠ ਸੁਖਮਨੀ ਸਾਹਿਬ ਅਤੇ ਲੰਗਰ ਸੇਵਾ ਕੁਲਵੀਰ ਸਿੰਘ ਪਰਿਵਾਰ ਵੱਲੋਂ

## ਐਤਵਾਰ ਸਾਰੇ ਦਿਨ ਦੇ ਦੀਵਾਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਧੰਨ ਧੰਨ ਭਗਤ ਧੰਨਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਹਨ

ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ

*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ, ਭਾਈ ਸੁਖਵਿੰਦਰ ਸਿੰਘ ਸਾਗਰ
ਰਾਗੀ ਜਥਾ ਭਾਈ ਮਨਪ੍ਰੀਤ ਸਿੰਘ ਜੀ, ਭਾਈ ਹਰਪਾਲ ਸਿੰਘ ਦਾ ਜਥਾ

## ਕਥਾਵਾਚਕ

ਭਾਈ ਮਹਿੰਦਰ ਸਿੰਘ ਭੜੀ ਵਾਲੇ

## ਕਵੀਸ਼ਰੀ ਜਥਾ

ਕਵੀਸ਼ਰ ਨਿਸ਼ਾਨ ਸਿੰਘ ਚੱਬਲ

# ਮਾਇਆਵਤੀ ਆਤਮਘਾਤੀ ਰਾਹੇ

ਇਸ ਸਮੇਂ ਜਦੋਂ ਭਾਜਪਾ ਵਿਰੋਧੀ ਸਮੁੱਚੀਆਂ ਧਿਰਾਂ ਤਾਨਾਸ਼ਾਹੀ ਸ਼ਾਸਕਾਂ ਨੂੰ ਹਰਾਉਣ ਲਈ ਸਾਂਝਾ ਮੋਰਚਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਲੱਗੀਆਂ ਹੋਈਆਂ ਹਨ, ਉਸ ਸਮੇਂ ਬਸਪਾ ਆਗੂ ਮਾਇਆਵਤੀ ਭਾਜਪਾ ਅੱਗੇ ਸਮਰਪਣ ਕਰਨ ਲਈ ਕਾਂਸ਼ੀ ਰਾਮ ਦੀ ਵਿਚਾਰਧਾਰਾ ਨੂੰ ਵੀ ਤਿਲਾਂਜਲੀ ਦੇਣ ਦੇ ਰਾਹ ਪੈ ਚੁੱਕੀ ਹੈ। ਇਸ ਵਿੱਚ ਮਾਇਆਵਤੀ ਦੀਆਂ ਕਿਹੜੀਆਂ ਨਿੱਜੀ ਕਮਜ਼ੋਰੀਆਂ ਹਨ ਕਿ ਉਹ ਆਪਣੀ ਕੱਟੜ ਵਿਰੋਧੀ ਭਾਜਪਾ ਦੀ ਵਿਚਾਰਧਾਰਾ ਤੱਕ ਨੂੰ ਅਪਣਾਉਣ ਲਈ ਮਜਬੂਰ ਹੋ ਗਈ ਹੈ, ਇਹ ਤਾਂ ਉਹ ਜਾਣਦੀ ਹੈ, ਪਰ ਜਿਹੜਾ ਰਾਹ ਉਸ ਨੇ ਚੁਣ ਲਿਆ, ਉਹ ਉਸ ਲਈ ਵੀ ਆਤਮਘਾਤੀ ਹੈ ਤੇ ਬਸਪਾ ਲਈ ਵੀ।

ਵੈਸੇ ਤਾਂ ਮਾਇਆਵਤੀ ਦਾ ਨਿਘਾਰ ਉਸ ਦਿਨ ਹੀ ਸ਼ੁਰੂ ਹੋ ਗਿਆ ਸੀ, ਜਦੋਂ ਯੂ ਪੀ ਦੀਆਂ ਬੀਤੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਸ ਨੇ ਭਾਜਪਾ ਨੂੰ ਜਿਤਾਉਣ ਲਈ ਮੈਦਾਨ ਹੀ ਖਾਲੀ ਛੱਡੀ ਰੱਖਿਆ ਸੀ। ਇਸੇ ਦਾ ਨਤੀਜਾ ਸੀ ਕਿ ਚਾਰ ਵਾਰ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰ ਲੈਣ ਵਾਲੀ ਮਾਇਆਵਤੀ ਦੀ ਬਸਪਾ ਇਨ੍ਹਾਂ ਚੋਣਾਂ ਵਿੱਚ ਸਿਰਫ਼ ਇੱਕ ਸੀਟ ਉੱਤੇ ਜਿੱਤ ਪ੍ਰਾਪਤ ਕਰ ਸਕੀ ਸੀ।

ਬੀਤੀ 5 ਅਪ੍ਰੈਲ ਨੂੰ ਮਾਇਆਵਤੀ ਨੇ ਤਿੰਨ ਟਵੀਟ ਕੀਤੇ ਸਨ। ਇਨ੍ਹਾਂ ਟਵੀਟਾਂ ਰਾਹੀਂ ਉਸ ਨੇ ਨੱਬੇ ਦੇ ਦਹਾਕੇ ਵਿੱਚ ਬਸਪਾ ਦੇ ਨਾਅਰਿਆਂ ਤੋਂ ਕਿਨਾਰਾ ਕਰਦਿਆਂ ਕਿਹਾ ਕਿ ਇਹ ਨਾਅਰੇ ਤਾਂ ਸਮਾਜਵਾਦੀ ਪਾਰਟੀ ਨੇ ਬਸਪਾ ਨੂੰ ਬਦਨਾਮ ਕਰਨ ਲਈ ਘੜੇ ਸਨ। 1992 ਵਿੱਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ 1993 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਸਮਾਜਵਾਦੀ ਪਾਰਟੀ ਤੇ ਬਸਪਾ ਨੇ ਗੱਠਜੋੜ ਕਰਕੇ ਲੜੀਆਂ ਤੇ ਜਿੱਤੀਆਂ ਸਨ। ਉਸ ਸਮੇਂ ਇਹ ਨਾਅਰਾ ਲਾਇਆ ਜਾਂਦਾ ਸੀ, 'ਮਿਲੇ ਮੁਲਾਇਮ ਤੇ ਕਾਂਸ਼ੀ ਰਾਮ, ਹਵਾ ਮੇਂ ਉੜ ਗਏ ਜੈ ਸ੍ਰੀ ਰਾਮ।' ਹੁਣ ਮਾਇਆਵਤੀ ਕਹਿ ਰਹੀ ਹੈ ਕਿ ਇਹ ਨਾਅਰਾ ਬਸਪਾ ਨੇ ਨਹੀਂ ਸਮਾਜਵਾਦੀ ਪਾਰਟੀ ਨੇ ਬਸਪਾ ਨੂੰ ਬਦਨਾਮ ਕਰਨ ਲਈ ਘੜਿਆ ਸੀ। ਆਪਣੇ ਤੀਜੇ ਟਵੀਟ ਵਿੱਚ ਤਾਂ ਉਸ ਨੇ ਸਪੱਸ਼ਟ ਸੰਕੇਤ ਦੇ ਦਿੱਤਾ ਹੈ ਕਿ ਉਹ ਹੁਣ ਭਾਜਪਾ ਦੀ ਤਨਖਾਹ ਉੱਤੇ ਕੰਮ ਕਰ ਰਹੀ ਹੈ। ਉਸ ਨੇ ਕਿਹਾ ਹੈ ਕਿ ਅਯੁੱਧਿਆ, ਸ੍ਰੀ ਰਾਮ ਮੰਦਰ ਤੇ ਅੱਪਰ ਕਾਸਟ ਸਮਾਜ ਨਾਲ ਸੰਬੰਧਤ ਜਿਨ੍ਹਾਂ ਨਾਅਰਿਆਂ ਨੂੰ ਪ੍ਰਚੱਲਤ ਕੀਤਾ ਗਿਆ ਸੀ, ਉਹ ਬਸਪਾ ਨੂੰ ਬਦਨਾਮ ਕਰਨ ਦੀ ਸਮਾਜਵਾਦੀ ਪਾਰਟੀ ਦੀ ਸੋਚੀ-ਸਮਝੀ ਸਾਜ਼ਿਸ਼ ਸੀ। ਸਪਾ ਦੀਆਂ ਇਨ੍ਹਾਂ ਹਰਕਤਾਂ ਤੋਂ ਦਲਿਤਾਂ, ਪਛੜਿਆਂ ਤੇ ਮੁਸਲਿਮ ਸਮਾਜ ਨੂੰ ਸਾਵਧਾਨ ਰਹਿਣ ਦੀ ਜ਼ਰੂਰਤ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਕਾਂਸ਼ੀ ਰਾਮ ਵੱਲੋਂ ਘੜੇ ਗਏ ਨਾਅਰੇ, ਜੋ ਸਮੁੱਚੇ ਦੇਸ਼ ਵਿੱਚ ਬਸਪਾ ਨੂੰ ਚਾਹੁੰਣ ਵਾਲਿਆਂ ਵਿੱਚ ਬੇਹੱਦ ਮਕਬੂਲ ਹੋਏ, ਕੀ ਮਾਇਆਵਤੀ ਦੇ ਕਹੇ ਬਹੁਜਨ ਤਿਆਗ ਦੇਣਗੇ। ਇਹ ਨਾਅਰੇ ਸਨ, 'ਤਿਲਕ, ਤਰਾਜੂ ਔਰ ਤਲਵਾਰ, ਇਨਕੋ ਮਾਰੋ ਜੂਤੇ ਚਾਰ', 'ਵੋਟ ਹਮਾਰਾ, ਰਾਜ ਤੁਮਹਾਰਾ, ਨਹੀਂ ਚਲੇਗਾ, ਨਹੀਂ ਚਲੇਗਾ' 'ਵੋਟ ਸੇ ਲੇਂਗੇ ਸੀ ਐੱਮ, ਪੀ ਐੱਮ, ਆਰਕਸ਼ਨ ਸੇ ਲੇਂਗੇ ਐੱਸ ਪੀ, ਡੀ ਐੱਮ।' ਇਨ੍ਹਾਂ ਨਾਅਰਿਆਂ ਨੇ ਹੀ ਸਦੀਆਂ ਤੋਂ ਦੱਬੇ-ਕੁਚਲੇ ਬਹੁਜਨਾਂ ਵਿੱਚ ਬਸਪਾ ਦੀ ਰਾਜਨੀਤੀ ਨੂੰ ਅੱਗੇ ਵਧਾਇਆ ਸੀ।

ਕੋਈ ਸ਼ੱਕ ਨਹੀਂ ਕਿ ਇਨ੍ਹਾਂ ਨਾਅਰਿਆਂ ਵਿੱਚ ਜਾਤੀਵਾਦੀ ਪਹੁੰਚ ਦਾ ਖੁੱਲ੍ਹਾ ਪ੍ਰਗਟਾਵਾ ਹੈ, ਪਰ ਇਨ੍ਹਾਂ ਦੇ ਸਿਰ ਉੱਤੇ ਹੀ ਬਸਪਾ ਰਾਜਗੱਦੀ ਤੱਕ ਪੁੱਜੀ ਸੀ। ਮਾਇਆਵਤੀ ਲਈ ਭਾਜਪਾ ਦੁਸ਼ਮਣ ਕਦੇ ਨਹੀਂ ਰਹੀ। ਉਹ ਤਿੰਨ ਵਾਰੀ ਮੁੱਖ ਮੰਤਰੀ ਭਾਜਪਾ ਦੀ ਹਮੈਤ ਨਾਲ ਬਣੀ ਸੀ, ਭਾਵੇਂ ਕਿ ਤਿੰਨੇ ਵਾਰੀ ਉਸ ਦੀ ਸਰਕਾਰ ਵੀ ਭਾਜਪਾ ਨੇ ਡੇਗੀ ਸੀ। ਸੱਤਾ ਲਈ ਉਹ ਹਮੇਸ਼ਾ ਰੰਗ ਬਦਲਦੀ ਰਹੀ ਹੈ। 'ਹਾਥੀ ਨਹੀਂ ਗਣੇਸ਼ ਹੈ, ਬ੍ਰਹਮਾ ਵਿਸ਼ਣੂ ਮਹੇਸ਼ ਹੈ', 'ਬ੍ਰਾਹਮਣ ਸੰਖ ਬਜਾਏਗਾ, ਹਾਥੀ ਦਿੱਲੀ ਜਾਏਗਾ', ਨਾਅਰੇ ਵੀ ਲੋੜ ਪੂਰਤੀ ਲਈ ਉਸੇ ਦੀ ਰਹਿਨੁਮਾਈ ਹੇਠ ਘੜੇ ਗਏ ਸਨ।

ਇਸ ਸਮੇਂ ਹਾਲਾਤ ਵੱਖਰੇ ਹਨ। ਮਾਇਆਵਤੀ ਦੀ ਪਾਰਟੀ ਜਿਨ੍ਹਾਂ ਨਿਵਾਣਾਂ ਨੂੰ ਛੂਹ ਚੁੱਕੀ ਹੈ, ਉਥੋਂ ਉਠ ਕੇ ਸੱਤਾ ਤੱਕ ਪਹੁੰਚਣਾ ਅਸੰਭਵ ਹੈ। ਇਸ ਲਈ ਮਾਇਆਵਤੀ ਵੱਲੋਂ ਇਕਦਮ ਹਿੰਦੂਤਵੀ ਵਿਚਾਰਧਾਰਾ ਨੂੰ ਅਪਣਾਉਣ ਦਾ ਇੱਕੋ ਕਾਰਨ ਹੋ ਸਕਦਾ ਹੈ ਕਿ ਇਸ ਸਮੇਂ ਕੋਈ ਹੋਰ ਆਪਣੀ ਲੋੜ ਲਈ ਉਸ ਦੀ ਵਰਤੋਂ ਕਰ ਰਿਹਾ ਹੈ। ਸਿੱਧਾ ਕਿਹਾ ਜਾਵੇ ਤਾਂ ਮਾਇਆਵਤੀ ਅੱਜ ਭਾਜਪਾ ਦੀ ਲੋੜ ਮੁਤਾਬਕ ਰਾਜਨੀਤੀ ਕਰ ਰਹੀ ਹੈ। ਉਤਰ ਪ੍ਰਦੇਸ਼ ਤੇ ਬਿਹਾਰ ਆਦਿ ਰਾਜਾਂ ਵਿੱਚ ਭਾਜਪਾ ਦੀ ਲੋੜ ਹੈ ਕਿ ਉਹ ਵਿਰੋਧੀਆਂ ਨੂੰ ਹਿੰਦੂ ਵਿਰੋਧੀ ਸਾਬਤ ਕਰੇ। ਇਹ ਕੰਮ ਉਹ ਮਾਇਆਵਤੀ ਰਾਹੀਂ ਕਰ ਰਹੀ ਹੈ। ਮਾਇਆਵਤੀ ਨੂੰ ਇਸ ਦਾ ਕੋਈ ਸਿਆਸੀ ਲਾਭ ਹੋਣ ਵਾਲਾ ਨਹੀਂ। ਉਸ ਨਾਲ ਜੁੜਿਆ ਰਹਿੰਦਾ-ਖੂੰਹਦਾ ਮੁਸਲਿਮ ਵੋਟ ਉਸ ਤੋਂ ਪੱਕਾ ਕਿਨਾਰਾ ਕਰ ਲਵੇਗਾ। ਉਸ ਦਾ ਸਭ ਤੋਂ ਭਰੋਸੇਮੰਦ ਜਾਟਵ ਵੋਟ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਵੱਲ ਚਲਾ ਗਿਆ ਸੀ, ਉਹ ਉੱਧਰ ਪੱਕਾ ਹੋ ਜਾਵੇਗਾ। ਇਹੋ ਭਾਜਪਾ ਚਾਹੁੰਦੀ ਹੈ। ਸਪੱਸ਼ਟ ਹੈ ਕਿ ਮਾਇਆਵਤੀ ਆਪਣੇ ਪੈਰ ਕੁਹਾੜੀ ਨਹੀਂ, ਸਗੋਂ ਕੁਹਾੜੀ ਉੱਤੇ ਪੈਰ ਮਾਰ ਰਹੀ ਹੈ। ਮਾਇਆਵਤੀ ਵੱਲੋਂ ਅਖਤਿਆਰ ਕੀਤੇ ਇਸ ਪੈਂਤੜੇ ਤੋਂ ਬਾਅਦ ਬਸਪਾ ਵਿੱਚ ਟੁੱਟ-ਭੱਜ ਹੋਣਾ ਸੁਭਾਵਕ ਹੈ। ਉਸ ਦੇ ਸਪਾ ਨਾਲ ਸਮਝੌਤੇ ਕਾਰਨ ਜਿੱਤੇ ਦਸ ਸਾਂਸਦ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੀ ਘਬਰਾਹਟ ਵਿੱਚ ਹਨ। ਲੋਕ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਉਹ ਨਵਾਂ ਟਿਕਾਣਾ ਲੱਭਣ ਦੀ ਕੋਸ਼ਿਸ਼ ਕਰਨਗੇ। ਹਕੀਕਤ ਇਹ ਹੈ ਕਿ ਜਿਸ ਬਹੁਜਨ ਅੰਦੋਲਨ ਨੂੰ ਖੜ੍ਹਾ ਕਰਕੇ ਕਾਂਸ਼ੀ ਰਾਮ ਨੇ ਦਲਿਤਾਂ ਤੇ ਗਰੀਬ ਤਬਕਿਆਂ ਵਿੱਚ ਸਿਆਸੀ ਚੇਤਨਾ ਪੈਦਾ ਕੀਤੀ ਸੀ, ਉਹ ਅੱਜ ਗਹਿਰੇ ਸੰਕਟ ਵਿੱਚ ਪੁੱਜ ਚੁੱਕਾ ਹੈ।--ਚੰਦ ਫਤਹਿਪੁਰੀ

# ਯੂ ਪੀ ਦੇ ਵਿਧਾਇਕਾਂ ਦਾ ਰਿਕਾਰਡ

ਕਦੇ ਵਿਧਾਇਕ ਤੇ ਸਾਂਸਦ ਰਹੇ ਗੈਂਗਸਟਰ ਅਤੀਕ ਅਹਿਮਦ ਦੀ ਪੁਲਸ ਹਿਰਾਸਤ 'ਚ ਹੱਤਿਆ ਦੇ ਬਾਅਦ ਯੂ ਪੀ 'ਚ ਅਪਰਾਧੀਆਂ ਤੇ ਸਿਆਸਤ ਦੇ ਰਿਸ਼ਤੇ 'ਤੇ ਚਰਚਾ ਹੋ ਰਹੀ ਹੈ। ਯੂ ਪੀ ਵਿਧਾਨ ਸਭਾ ਵਿਚ 51 ਫੀਸਦੀ ਵਿਧਾਇਕ ਅਜਿਹੇ ਹਨ, ਜਿਨ੍ਹਾਂ ਖਿਲਾਫ ਫੌਜਦਾਰੀ ਮਾਮਲੇ ਦਰਜ ਹਨ। ਚੋਣ ਸੁਧਾਰਾਂ ਲਈ ਕੰਮ ਕਰਨ ਵਾਲੀ ਨਿੱਜੀ ਸੰਸਥਾ ਐਸੋਸੀਏਸ਼ਨ ਫਾਰ ਡੈਮੋਕਰਟਿਕ ਰਿਫਾਰਮਜ਼ (ਏ ਡੀ ਆਰ) ਨੇ 2022 ਵਿਚ ਹੋਈਆਂ ਯੂ ਪੀ ਵਿਧਾਨ ਸਭਾ ਚੋਣਾਂ ਜਿੱਤਣ ਵਾਲੇ ਉਮੀਦਵਾਰਾਂ ਦੇ ਹਲਫਨਾਮਿਆਂ ਦੇ ਆਧਾਰ 'ਤੇ ਦੱਸਿਆ ਹੈ ਕਿ 403 ਵਿਧਾਇਕਾਂ ਵਿੱਚੋਂ 205 ਯਾਨੀ 51 ਫੀਸਦੀ ਨੇ ਮੰਨਿਆ ਕਿ ਉਨ੍ਹਾਂ ਖਿਲਾਫ ਫੌਜਦਾਰੀ ਮਾਮਲੇ ਦਰਜ ਹਨ। ਇਹੀ ਨਹੀਂ, 403 ਵਿੱਚੋਂ 158 ਯਾਨੀ 39 ਫੀਸਦੀ ਵਿਧਾਇਕਾਂ ਦੇ ਖਿਲਾਫ ਹੱਤਿਆ, ਹੱਤਿਆ ਦੀ ਕੋਸ਼ਿਸ਼, ਬਲਾਤਕਾਰ ਤੇ ਅਗਵਾ ਵਰਗੇ ਸੰਗੀਨ ਫੌਜਦਾਰੀ ਮਾਮਲੇ ਦਰਜ ਹਨ। ਜਿਨ੍ਹਾਂ ਪੰਜ ਵਿਧਾਇਕਾਂ ਖਿਲਾਫ ਹੱਤਿਆ ਦੇ ਮਾਮਲੇ ਹਨ, ਉਨ੍ਹਾਂ ਵਿਚ ਤਿੰਨ ਸਮਾਜਵਾਦੀ ਪਾਰਟੀ ਤੇ ਦੋ ਭਾਜਪਾ ਦੇ ਹਨ। ਕੁਲ 29 ਵਿਧਾਇਕਾਂ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਦਰਜ ਸਨ, 6 ਵਿਧਾਇਕਾਂ ਵਿਰੁੱਧ ਮਹਿਲਾਵਾਂ ਨਾਲ ਅਪਰਾਧ ਦੇ ਮਾਮਲੇ ਦਰਜ ਸਨ, ਜਿਨ੍ਹਾਂ ਵਿੱਚੋਂ ਇਕ ਖਿਲਾਫ ਤਾਂ ਬਲਾਤਕਾਰ ਦਾ ਮਾਮਲਾ ਸੀ। ਇਹ ਵਿਧਾਇਕ ਭਾਜਪਾ ਦੇ ਹਨ। ਸੰਗੀਨ ਅਪਰਾਧਾਂ ਦੇ ਮਾਮਲੇ ਭੁਗਤ ਰਹੇ ਸਭ ਤੋਂ ਵੱਧ ਵਿਧਾਇਕ ਭਾਜਪਾ ਦੇ ਹਨ। ਭਾਜਪਾ ਦੇ ਅਜਿਹੇ 90 ਵਿਧਾਇਕ ਹਨ, ਜਦਕਿ ਸਮਾਜਵਾਦੀ ਪਾਰਟੀ ਦੇ 48 ਅਤੇ ਕਾਂਗਰਸ ਦੇ ਦੋ ਤੇ ਬਸਪਾ ਦੇ ਇਕ। ਕਈ ਵਿਧਾਇਕ ਤਾਂ ਅਜਿਹੇ ਹਨ, ਜਿਨ੍ਹਾਂ ਖਿਲਾਫ ਇਕ-ਦੋ ਨਹੀਂ, ਸਗੋਂ ਅਨੇਕਾਂ ਮਾਮਲੇ ਦਰਜ ਹਨ। ਇਕ ਵਿਧਾਇਕ ਅਜਿਹਾ ਹੈ, ਜਿਸ ਵਿਰੁੱਧ 87 ਮਾਮਲੇ ਦਰਜ ਹਨ। ਯੂ ਪੀ ਵਿਚ ਲੰਬੇ ਸਮੇਂ ਤੋਂ ਸਿਆਸੀ ਪਾਰਟੀਆਂ ਗੈਂਗਸਟਰਾਂ ਦੀ ਸਰਪ੍ਰਸਤੀ ਕਰਦੀਆਂ ਆਈਆਂ ਹਨ। 15 ਅਪ੍ਰੈਲ ਦੀ ਰਾਤ ਪੁਲਸ ਹਿਰਾਸਤ 'ਚ ਮਾਰੇ ਗਏ ਅਤੀਕ ਅਹਿਮਦ ਦਾ ਵੀ ਅਜਿਹਾ ਹੀ ਪਿਛੋਕੜ ਸੀ। ਅਤੀਕ ਗੈਂਗਸਟਰ ਹੋਣ ਦੇ ਨਾਲ-ਨਾਲ ਪੰਜ ਵਾਰ ਯੂ ਪੀ ਵਿਧਾਨ ਸਭਾ ਤੇ ਇਕ ਵਾਰ ਲੋਕ ਸਭਾ ਦਾ ਮੈਂਬਰ ਰਿਹਾ।

ਪੁਲਸ ਪਹਿਰੇ ਵਿਚ ਅਤੀਕ ਦੀ ਹੱਤਿਆ ਬਾਰੇ ਤਰ੍ਹਾਂ-ਤਰ੍ਹਾਂ ਦੇ ਸ਼ੱਕ ਪ੍ਰਗਟਾਏ ਜਾ ਰਹੇ ਹਨ ਤੇ ਹੱਤਿਆ ਦੀ ਨਿਰਪੱਖ ਜਾਂਚ ਦੀ ਮੰਗ ਉਠ ਰਹੀ ਹੈ। ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ 'ਚ ਮਾਮਲੇ ਦੀ ਸੁਪਰੀਮ ਕੋਰਟ ਦੇ ਕਿਸੇ ਰਿਟਾਇਰਡ ਜੱਜ ਦੀ ਅਗਵਾਈ ਵਾਲੀ ਸਪੈਸ਼ਲ ਕਮੇਟੀ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿਚ ਇਹ ਵੀ ਅਪੀਲ ਕੀਤੀ ਗਈ ਹੈ ਕਿ 2017 ਵਿਚ ਯੋਗੀ ਸਰਕਾਰ ਆਉਣ ਤੋਂ ਹੁਣ ਤੱਕ ਸਾਰੇ 183 ਮੁਕਾਬਲਿਆਂ ਦੀ ਜਾਂਚ ਕਰਵਾਈ ਜਾਏ। ਯੂ ਪੀ ਪੁਲਸ ਦੇ ਅਫਸਰਾਂ ਨੇ ਖੁਦ ਦੱਸਿਆ ਹੈ ਕਿ ਮਾਰਚ 2017 ਤੋਂ ਸ਼ੁਰੂ ਯੋਗੀ ਆਦਿਤਿਆ ਨਾਥ ਸਰਕਾਰ ਦੇ ਕਾਰਜਕਾਲ ਵਿਚ 183 ਮੁਕਾਬਲੇ ਹੋ ਚੁੱਕੇ ਹਨ। ਹਾਲਾਂਕਿ ਯੋਗੀ ਸਰਕਾਰ ਨੇ ਅਤੀਕ ਤੇ ਉਸ ਦੇ ਭਰਾ ਦੇ ਪੁਲਸ ਹਿਰਾਸਤ ਦੌਰਾਨ ਮਾਰੇ ਜਾਣ ਦੇ ਜਾਂਚ ਲਈ ਜੁਡੀਸ਼ੀਅਲ ਕਮਿਸ਼ਨ ਕਾਇਮ ਕਰ ਦਿੱਤਾ ਹੈ, ਬਿਹਤਰ ਹੋਵੇਗਾ ਕਿ ਸੁਪਰੀਮ ਕੋਰਟ ਯੋਗੀ ਕਾਲ ਦੌਰਾਨ ਹੋਏ ਸਾਰੇ ਮੁਕਾਬਲਿਆਂ ਦੀ ਜਾਂਚ ਆਪਣੀ ਨਿਗਰਾਨੀ 'ਚ ਕਰਵਾਏ, ਤਾਂ ਕਿ ਸਾਫ ਹੋ ਸਕੇ ਕਿ ਕਿੰਨੇ ਮੁਕਾਬਲੇ ਅਸਲੀ ਸਨ ਤੇ ਕਿੰਨੇ ਫਰਜ਼ੀ।

# ਫੌਜੀ ਨੇ ਹੀ ਮਾਰੇ ਸੀ 4 ਫੌਜੀ

ਬਠਿੰਡਾ -ਪੁਲਸ ਨੇ ਇਥੇ ਫੌਜੀ ਛਾਉਣੀ 'ਚ 4 ਫੌਜੀਆਂ ਦੀ ਹੱਤਿਆ ਦੇ ਮਾਮਲੇ 'ਚ ਗੰਨਰ ਦੇਸਾਈ ਮੋਹਨ ਨੂੰ ਗ੍ਰਿਫਤਾਰ ਕੀਤਾ ਹੈ। ਬੀਤੇ ਐਤਵਾਰ ਫੌਜ ਨੇ 4 ਜਵਾਨਾਂ ਤੋਂ ਪੁੱਛ-ਪੜਤਾਲ ਕੀਤੀ ਸੀ। ਦੇਸਾਈ ਮੋਹਨ ਹੀ ਵਾਰਦਾਤ ਦੇ ਮੁੱਖ ਗਵਾਹ ਵਜੋਂ ਸਾਹਮਣੇ ਆਇਆ ਸੀ, ਜਿਸ ਨੇ ਦੱਸਿਆ ਸੀ ਕਿ ਉਸ ਨੇ ਦੋ ਮਸ਼ਕੂਕ ਬੰਦੂਕਧਾਰੀਆਂ ਨੂੰ ਜੰਗਲ ਵੱਲ ਭੱਜਦੇ ਵੇਖਿਆ।

ਪੁਲਸ ਵੱਲੋਂ ਸਖਤੀ ਨਾਲ ਪੁੱਛ-ਪੜਤਾਲ ਕਰਨ 'ਤੇ ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਕਿ ਉਸ ਨੇ ਹੀ ਸੁੱਤੇ 4 ਫੌਜੀਆਂ ਦਾ ਕਤਲ ਕੀਤਾ ਸੀ। ਪੁਲਸ ਅਫਸਰਾਂ ਨੇ ਆਰਮੀ ਦੇ ਅਫਸਰਾਂ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਕਰਕੇ ਕਤਲ ਕਾਂਡ ਨੂੰ ਨਿੱਜੀ ਰੰਜਿਸ਼ ਦਾ ਮਾਮਲਾ ਦੱਸਿਆ, ਜਦੋਂ ਕਿ ਸੂਤਰ ਇਸ ਨੂੰ ਬਦਫੈਲੀ ਦਾ ਸਿੱਟਾ ਦੱਸ ਰਹੇ ਹਨ। ਦੇਸਾਈ ਚੌਹਾਂ ਸਾਥੀਆਂ ਵੱਲੋਂ ਉਸ ਦੇ ਜਿਨਸੀ ਸ਼ੋਸ਼ਣ ਤੋਂ ਦੁਖੀ ਸੀ। ਉਸ ਨੇ ਬੜੇ ਯੋਜਨਾਬੱਧ ਢੰਗ ਨਾਲ ਪਹਿਲਾਂ ਇਨਸਾਸ ਰਾਈਫਲ ਚੋਰੀ ਕੀਤੀ। ਦੇਸਾਈ ਮੋਹਨ ਨੇ ਪੁਲਸ ਨੂੰ ਦੱਸਿਆ ਸੀ ਕਿ ਹੱਤਿਆਰੇ ਦੋ ਸਨ, ਜਿਨ੍ਹਾਂ ਨੇ ਚਿੱਟੇ ਕੁੜਤੇ-ਪਜਾਮੇ ਪਾਏ ਹੋਏ ਸਨ।

ਉਨ੍ਹਾਂ ਵਿਚੋਂ ਇੱਕ ਦੇ ਹੱਥ 'ਚ ਇਨਸਾਸ ਰਾਈਫਲ ਅਤੇ ਦੂਸਰੇ ਕੋਲ ਕੁਹਾੜੀ ਸੀ ਅਤੇ ਉਹ ਕਤਲ ਕਰਨ ਤੋਂ ਬਾਅਦ ਜੰਗਲ ਵੱਲ ਦੌੜ ਗਏ। ਦਿਲਚਸਪ ਪਹਿਲੂ ਇਹ ਹੈ ਕਿ ਪੋਸਟਮਾਰਟਮ ਰਿਪੋਰਟ 'ਚ ਕੁਹਾੜੀ ਦਾ ਕੋਈ ਵਾਰ ਸਾਹਮਣੇ ਨਹੀਂ ਆਇਆ। ਪੁਲਸ ਨੂੰ ਸ਼ੁਰੂਆਤੀ ਦੌਰ 'ਚ ਹੀ ਉਸ ਦੇ ਬਿਆਨਾਂ 'ਤੇ ਸ਼ੱਕ ਪਿਆ ਸੀ, ਪਰ ਮਾਮਲਾ ਭਾਰਤੀ ਫੌਜ ਨਾਲ ਜੁੜਿਆ ਹੋਣ ਕਰਕੇ ਜਾਂਚ ਅਧਿਕਾਰੀ ਹਰ ਕਦਮ ਫੂਕ-ਫੂਕ ਕੇ ਰੱਖ ਰਹੇ ਸਨ। ਪੜਤਾਲ ਦੌਰਾਨ ਦੇਸਾਈ ਮੋਹਨ ਵਾਰ-ਵਾਰ ਬਿਆਨ ਬਦਲ ਰਿਹਾ ਸੀ, ਜਿਸ ਨੂੰ ਦੇਖਦਿਆਂ ਸ਼ੱਕ ਹੋਰ ਡੂੰਘਾ ਹੋ ਗਿਆ ਅਤੇ ਆਖਰਕਾਰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।






# ਸਿਹਤ ਸੰਬੰਧੀ





# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ।ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ।

ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ 'ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਆ੍ਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ 'ਤੇ ਸਫ਼ਾਈ ਦੀ ਘਾਟ,




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579



ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ।ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ 'ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

Surrey's Choice Rehabilitation Centre

C: 778-855-3172, F: 778-395-4113

14688-106 Ave. Surrey BC

info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132

FAX: 604-327-0335

# ਯੂਪੀ ਵਿੱਚ ਕਾਨੂੰਨ ਦਾ ਰਾਜ ਜਾਂ ਜੰਗਲ ਰਾਜ

## ਜੇ ਸਰਕਾਰਾਂ ਤੇ ਗੁੰਡੇ ਇਕੋ ਪੱਧਰ ‘ਤੇ ਆ ਗਏ ਤਾਂ ਅਖ਼ੀਰ ਨਿਆਂ ਵੀ ਅਮੀਰ ਲੋਕ ਹੀ ਝੜਪ ਲੈਣਗੇ

ਸਾਬਕਾ ਐਮ.ਪੀ ਤੇ ਐਮ.ਐਲ.ਏ. ਅਤੀਕ ਮੁਹੰਮਦ ਤੇ ਉਸਦਾ ਭਰਾ ਦੋ ਕਤਲ ਪੁਲਿਸ ਦੀ ਹਾਜ਼ਰੀ ’ਚ ਅਤੇ ਕੈਮਰਿਆਂ ਦੇ ਸਾਹਮਣੇ ਕੀਤੇ ਗਏ ।ਦੋ ਦਿਨ ਪਹਿਲਾ 13 ਅਪਰੈਲ ਨੂੰ ਅਤੀਕ ਅਹਿਮਦ ਦੇ ਜਵਾਨ ਪੁੱਤਰ ਅਸਦ ਅਤੇ ਉਸ ਦੇ ਸਾਥੀ ਗੁਲਾਮ ਨੂੰ ਝਾਂਸੀ ’ਚ ਇੱਕ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ ਸੀ। ਜਦੋਂ ਦੀ ਉੱਤਰ ਪ੍ਰਦੇਸ਼ ’ਚ ਯੋਗੀ ਦੀ ਸਰਕਾਰ ਹੋਂਦ ਵਿੱਚ ਆਈ ਹੈ ਤਦ ਤੋਂ ਇਹ 183ਵਾਂ ਪੁਲਿਸ ਮੁਕਾਬਲਾ ਸੀ।

ਉਸ ਦਿਨ ਵੀ ਉੱਤਰ ਪ੍ਰਦੇਸ਼ ਦੀ ਸਰਕਾਰ ਦੇ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਦੇ ਦਾਅਵਿਆਂ ਦੇ ਪਰਖ਼ਚੇ ਉਦੋਂ ਵੀ ਉੱਡੇ ਸਨ ਜਦੋਂ ਬਹੁਜਨ ਸਮਾਜ ਪਾਰਟੀ ਦੇ ਇੱਕ ਵਿਧਾਇਕ ਰਾਜਪਾਲ ਦੀ ਹੱਤਿਆ ਦੇ ਇੱਕ ਮੁੱਖ ਗਵਾਹ ਉਮੇਸ਼ ਪਾਲ ਨੂੰ ਪ੍ਰਯਾਗਰਾਜ ਵਿੱਚ ਹੀ ਦਿਨ ਦਿਹਾੜੇ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ ਗਿਆ ਸੀ।

ਮਹੀਨਾ ਪਹਿਲਾਂ ਅਤੀਕ ਮੁਹੰਮਦ ਨੇ ਸੁਪਰੀਮ ਕੋਰਟ ’ਚ ਅਰਜ਼ੀ ਦੇ ਕੇ ਕਿਹਾ ਸੀ ਕਿ ਉਸ ਦੀ ਜਾਨ ਨੂੰ ਖ਼ਤਰਾ ਹੈ ਪਰ ਸੁਪਰੀਮ ਕੋਰਟ ਨੇ ਇਹ ਆਖ ਕੇ ਉਸ ਦੇ ਵਕੀਲ ਨੂੰ ਅਰਜ਼ੀ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ ਕਿ ਰਾਜ ਦੀ ਸਰਕਾਰ ਉਸ ਦੀ ਹਿਫਾਜ਼ਤ ਕਰੇਗੀ। ਪਰ ਉੱਤਰ ਪ੍ਰਦੇਸ਼ ਦੀ ਸਰਕਾਰ ਉਸ ਦੀ ਰੱਖਿਆ ਨਹੀਂ ਕਰ ਸਕੀ। ਕਾਤਿਲ ਮੀਡੀਆ ਕਰਮੀ ਬਣ ਕੇ ਅਤੀਕ ਅਹਿਮਦ ਤੇ ਅਸ਼ਰਫ਼ ਤੱਕ ਪਹੁੰਚੇ ਜਦੋਂ ਕਿ ਉਹ ਪੁਲਿਸ ਦੇ ਘੇਰੇ ਵਿੱਚ ਸਨ। ਉਨ੍ਹਾਂ ਨੇ ਕੋਈ ਵੀਹ ਗੋਲੀਆਂ ਚਲਾ ਕੇ ਦੋਹਾਂ ਨੂੰ ਮੌਕੇ ’ਤੇ ਹੀ ਮਾਰ ਮੁਕਾਇਆ ਅਤੇ ਕੰਮ ਖ਼ਤਮ ਕਰਨ ਬਾਅਦ ਆਪਣੇ ਪਿਸਟਲ ਸੁੱਟ ਦਿੱਤੇ ਤੇ ਹੱਥ ਖੜ੍ਹੇ ਕਰ ਲਏ । ਉਨ੍ਹਾਂ ਨੇ ਜੈ ਸ਼੍ਰੀਰਾਮ ਦੇ ਨਾਅਰੇ ਵੀ ਲਾਏ। ਪੁਲਿਸ ਵੱਲੋਂ ਕੋਈ ਗੋਲੀ ਨਹੀਂ ਚੱਲੀ ਨਾ ਹੀ ਗੋਲੀਆਂ ਖ਼ਤਮ ਹੋਣ ਤੱਕ ਉਨ੍ਹਾਂ ਨਾਲ ਕੋਈ ਹੱਥੋਪਾਈ ਹੋਇਆ।

ਅਤੀਕ ਅਹਿਮਦ ਤਿੰਨ ਵਾਰ ਚੋਣ ਜਿਤਿਆ, ਵਿਧਾਇਕ ਬਣਿਆ ਤੇ ਇਕ ਵਾਰ ਪਾਰਲੀਮੈਂਟ ਦਾ ਮੈਂਬਰ ਵੀ ਬਣ ਗਿਆ ਸੀ। ਇਹ ਫ਼ੈਸਲਾ ਲੋਕਾਂ ਨੇ ਸੁਣਾਇਆ ਸੀ ਪਰ ਜਿਸ ਤਰ੍ਹਾਂ ਉਸ ਦੀ ਮੌਤ ਹੋਈ, ਉਹ ਨਾ ਤਾਂ ਉਸ ਦੇ ਗੁੰਡੇ ਹੋਣ ਦੇ ਇਲਜ਼ਾਮ ਨਾਲ ਤੇ ਨਾ ਉਸ ਦੇ ਸਿਆਸਤਦਾਨ ਹੋਣ ਨਾਲ ਜੋੜੀ ਜਾ ਸਕਦੀ ਹੈ। ਉਹ ਉੱਤਰ ਪ੍ਰਦੇਸ਼ ਪੁਲਿਸ ਦੀ ਹਿਰਾਸਤ ਵਿਚ ਸੀ ਤੇ ਰਾਤ ਨੂੰ 10 ਵਜੇ ਪੁਲਿਸ ਵਲੋਂ ਉਸ ਨੂੰ ਬਿਨਾਂ ਕਿਸੇ ਮੈਡੀਕਲ ਜ਼ਰੂਰਤ ਦੇ, ਜੇਲ ਤੋਂ ਬਾਹਰ ਹਸਪਤਾਲ ਲਿਜਾਇਆ ਜਾ ਰਿਹਾ ਸੀ। ਉਸ ਨੂੰ ਪੁਲਿਸ ਪੈਦਲ ਚਲਾ ਕੇ ਆਮ ਮੈਡੀਕਲ ਜਾਂਚ ਵਾਸਤੇ ਲਿਜਾ ਰਹੀ ਸੀ ਤੇ ਮੀਡੀਆ ਨੂੰ ਜਾਣਕਾਰੀ ਵੀ ਸੀ ਤੇ ਉਨ੍ਹਾਂ ਨੇ ਚਾਰੇ ਪਾਸੇ ਤੋਂ ਅਤੀਕ ਨੂੰ ਘੇਰਿਆ ਹੋਇਆ ਸੀ ਤੇ ਇਸ ਦੌਰਾਨ ਆਰਾਮ ਨਾਲ ਤਿੰਨ ਕਾਤਲਾਂ ਨੇ ਅਤੀਕ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ। ਇਸ ਦਾ ਵੀਡੀਉ ਭਾਰਤ ਦੇ ਨਾਲ ਨਾਲ ਦੁਨੀਆਂ ਭਰ ਵਿਚ ਵੇਖਿਆ ਗਿਆ ਹੈ। ਸਾਰੇ ਇਹੋ ਸਵਾਲ ਪੁੱਛ ਰਹੇ ਨੇ ਕਿ ਆਖ਼ਰਕਾਰ ਪੁਲਿਸ ਨੇ ਬਚਾਅ ਕਰਨ ਦਾ ਯਤਨ ਕਿਉਂ ਨਾ ਕੀਤਾ? ਹਮਲਾਵਰਾਂ ਨੇ ਦਨਾਦਨ ਗੋਲੀਆਂ ਚਲਾਈਆਂ ਪਰ ਪੁਲਿਸ ਨੇ ਇਕ ਵੀ ਗੋਲੀ ਨਾ ਚਲਾਈ।





ਮਾਰਨ ਤੋਂ ਬਾਅਦ ਕਈ ਕਹਿੰਦੇ ਹਨ ਕਿ ਉਹ ਗੁੰਡਾ ਸੀ ਤੇ ਇਹ ਰੱਬ ਦਾ ਨਿਆਂ ਹੈ। ਹਰ ਵੱਡੇ ਚੈਨਲ ’ਤੇ ਉਸ ਨੂੰ ਇਕ ਵੱਡਾ ਮਾਫੀਆ ਡਾਨ ਦਸਿਆ ਜਾ ਰਿਹਾ ਹੈ। ਪਰ ਇਹ ਨਹੀਂ ਦਸਿਆ ਜਾ ਰਿਹਾ ਕਿ ਮੌਜੂਦਾ ਸਰਕਾਰ ਦਾ ਛੇ ਸਾਲ ਤੋਂ ਰਾਜ ਚਲ ਰਿਹਾ ਸੀ ਤੇ ਉਸ ਵਿਚ ਇਸ ਤਰ੍ਹਾਂ ਦੇ ਗੁੰਡੇ ਨੂੰ ਵਧਣ ਦਾ ਮੌਕਾ ਕਿਉਂ ਮਿਲਿਆ? ਅੱਜ ਕੋਈ ਨਹੀਂ ਪੁੱਛ ਰਿਹਾ ਕਿ ਅਤੀਕ ਅਹਿਮਦ ਕੋਲ ਭ੍ਰਿਸ਼ਟਾਚਾਰ ਦੇ ਕੁੱਝ ਮਾਮਲਿਆਂ ਬਾਰੇ ਪੂਰੇ ਸਬੂਤ ਸਨ ਜਿਨ੍ਹਾਂ ਦੇ ਉਹ ਕੁੱਝ ਰਾਜ਼ ਖੋਲ੍ਹਣਾ ਚਾਹੁੰਦਾ ਸੀ। ਉਨ੍ਹਾਂ ਰਾਜ਼ਾਂ ਦਾ ਹੁਣ ਕੀ ਹੋਵੇਗਾ?

ਜਿਨ੍ਹਾਂ ਤਿੰਨ ਮੁੰਡਿਆਂ ਨੇ ਅਤੀਕ ਅਹਿਮਦ ਦਾ ਕਤਲ ਕੀਤਾ ਹੈ, ਉਹ ਨਸ਼ੇੜੀ ਸਨ ਜਿਨ੍ਹਾਂ ਉਪਰ ਕਈ ਕੇਸ ਦਰਜ ਸਨ। ਉਨ੍ਹਾਂ ਵਿਚੋਂ ਇਕ ਦੇ ਪਿਉ ਨੇ ਤਾਂ ਅਪਣੇ ਪੁੱਤਰ ਨਾਲ ਰਿਸ਼ਤਾ ਹੀ ਤੋੜ ਦਿਤਾ ਸੀ। ਪਰ ਹੁਣ ਇਹ ਗੱਲ ਆਖੀ ਜਾ ਰਹੀ ਹੈ ਕਿ ਇਹ ਮੁੰਡੇ ਬੜੇ ਧਾਰਮਕ ਬਿਰਤੀ ਵਾਲੇ ਸਨ। ਇਨ੍ਹਾਂ ਮੁੰਡਿਆਂ ਦਾ ਕਹਿਣਾ ਹੈ ਕਿ ਉਹ ਅਤੀਕ ਨੂੰ ਮਾਰ ਕੇ ਮਾਫ਼ੀਆ ਜਗਤ ਵਿਚ ਅਪਣਾ ਨਾਂ ਕਾਇਮ ਕਰਨਾ ਚਾਹੁੰਦੇ ਸਨ। ਯਾਨੀ ਕਿ ਯੋਗੀ ਬਾਰੇ ਜੋ ਇਹ ਆਖਿਆ ਜਾਂਦਾ ਹੈ ਕਿ ਉਨ੍ਹਾਂ ਯੂ.ਪੀ. ਵਿਚ ਮਾਫ਼ੀਆ ਖ਼ਤਮ ਕਰ ਦਿਤਾ ਹੈ ਤੇ ਗੁੰਡੇ ਉਨ੍ਹਾਂ ਦੇ ਨਾਂ ਤੋਂ ਡਰਦੇ ਹਨ, ਉਹ ਖ਼ਬਰ ਸਹੀ ਨਹੀਂ।

ਇਕ ਹੋਰ ਗੱਲ ਵੀ ਕਹੀ ਜਾ ਰਹੀ ਹੈ ਤੇ ਉਹ ਇਹ ਕਿ ਅਤੀਕ ਅਹਿਮਦ ਮੁਸਲਮਾਨ ਸੀ ਤੇ ਮੁਸਲਮਾਨ ਵਾਸਤੇ ਵਖਰਾ ਹੀ ਨਿਆਂ ਦਾ ਵਕਤ ਆ ਗਿਆ ਹੈ। ਜਿਵੇਂ 2020 ਵਿਚ ਦਿੱਲੀ ਵਿਚ ਵੇਖਿਆ ਕਿ ਜੇ ਭੀੜ ਸਾਹਮਣੇ ਅਪਣੇ ਆਪ ਨੂੰ ਬਚਾਉਣ ਦਾ ਯਤਨ ਵੀ ਕੀਤਾ ਜਾਵੇਗਾ ਤਾਂ ਪਰਚਾ ਮੁਸਲਮਾਨ ’ਤੇ ਹੀ ਹੋਵੇਗਾ ਕਿਉਂਕਿ ਹੁਣ ਨਿਆਂ ਧਰਮ ਦੀ ਐਨਕ ਲਾ ਕੇ ਦਿਤਾ ਜਾਵੇਗਾ।

ਚਲੋ ਸਾਰੀ ਗੱਲ ਮੰਨ ਵੀ ਲਈਏ ਕਿ ਅਤੀਕ ਅਹਿਮਦ ਬਹੁਤ ਮਾੜਾ ਇਨਸਾਨ ਸੀ ਤਾਂ ਫਿਰ ਅੱਜ ਦੀ ਸਥਿਤੀ ਬਾਰੇ ਕੀ ਆਖਦੇ ਹੋ? ਕੀ ਅਸੀ ਮਾੜੇ ਗੁੰਡਿਆਂ ਨੂੰ ਦੇਸ਼ ਦੀ ਵਾਗਡੋਰ ਫੜਾ ਸਕਦੇ ਹਾਂ? ਤੇ ਜਿਹੜਾ ਗੁੰਡਾ, ਕੁਰਸੀ ਤੇ ਗੋਲੀ ਉਸੇ ਦੀ। ਸਾਨੂੰ ਸਾਡੀ ਨਿਆਂਪਾਲਿਕਾ ’ਤੇ ਵਿਸ਼ਵਾਸ ਨਹੀਂ। ਅਦਾਲਤਾਂ ਸਿਰਫ਼ ਆਮ ਇਨਸਾਨ ਵਾਸਤੇ ਰਹਿ ਗਈਆਂ ਹਨ ਜੋ ਪਿਸਦੇ ਰਹਿੰਦੇ ਨੇ? ਅੱਜ ਦੇ ਰਾਮਰਾਜ ਵਿਚ ਅਸੀ ਲੋਕਤੰਤਰ ਤੇ ਸੰਵਿਧਾਨ ਉਤੇ ਯਕੀਨ ਕਰਨਾ ਛੱਡ ਕੇ ਅਪਣੇ ਆਪ ਨੂੰ ਇਨਸਾਨੀ ਕਦਰਾਂ ਕੀਮਤਾਂ ਦੇ ਮਿਆਰ ਨੂੰ ਉੱਚਾ ਚੁਕਣ ਦਾ ਯਤਨ ਕਿਉਂ ਨਾ ਕਰੀਏ?

# ਅਮਰੀਕਾ ਵਿਚਲੇ ਗੁਰਦੁਆਰਿਆਂ ’ਚ ਗੋਲੀਬਾਰੀ ਦੀਆਂ ਘਟਨਾਵਾਂ ’ਚ 17 ਫੜੇ

ਵਾਸ਼ਿੰਗਟਨ:ਅਮਰੀਕਾ ’ਚ ਕੈਲੀਫੋਰਨੀਆ ਪੁਲਸ ਨੇ ਸਟਾਕਟਨ ਅਤੇ ਸੈਕਰਾਮੈਂਟੋ ਤੇ ਹੋਰ ਥਾਵਾਂ ਦੇ ਗੁਰਦੁਆਰਿਆਂ ’ਚ ਗੋਲੀਬਾਰੀ ਦੀਆਂ ਘਟਨਾਵਾਂ ਸੰਬੰਧੀ ਮਾਸਟਰਮਾਈਂਡ ਪਵਿੱਤਰ ਸਿੰਘ ਸਣੇ 17 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਫੜੇ ਜਾਣ ਵਾਲੇ ਹੋਰਨਾਂ ’ਚ ਕਰਨਦੀਪ ਸਿੰਘ, ਪਰਦੀਪ ਸਿੰਘ, ਧਰਮਵੀਰ ਸਿੰਘ ਉਰਫ ਮਿੰਟਾ, ਜੋਬਨਜੀਤ ਸਿੰਘ ਤੇ ਹੁਸਨਦੀਪ ਸਿੰਘ ਵੀ ਸ਼ਾਮਲ ਹਨ। ਇਨ੍ਹਾਂ ਤੋਂ 4 ਹੈਂਡਗਨ, 2 ਅਸਾਲਟ ਰਾਈਫਲਾਂ, ਪਿਸਤੌਲਾਂ ਅਤੇ ਮਸ਼ੀਨਗੰਨਾਂ ਵਰਗੇ ਹਥਿਆਰ ਬਰਾਮਦ ਕੀਤੇ ਗਏ ਹਨ। ਇਹ ਗ੍ਰਿਫਤਾਰੀਆਂ 20 ਤੋਂ ਵੱਧ ਥਾਵਾਂ ’ਤੇ ਛਾਪੇਮਾਰੀ ਦੌਰਾਨ ਕੀਤੀਆਂ ਗਈਆਂ ਹਨ। ਫੜੇ ਜਾਣ ਵਾਲਿਆਂ ਵਿਚ ਬਹੁਤੇ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰ ਹਨ। ਗ੍ਰਿਫਤਾਰ ਕੀਤੇ ਦੋ ਵਿਅਕਤੀ ਮਾਫੀਆ ਦੇ ਮੈਂਬਰ ਹਨ ਅਤੇ ਭਾਰਤ ’ਚ ਕਈ ਕਤਲ ਕੇਸਾਂ ’ਚ ਲੋੜੀਂਦੇ ਹਨ।ਗ੍ਰਿਫਤਾਰ ਕੀਤੇ ਵਿਅਕਤੀ ਇੱਕ ਵਿਰੋਧੀ ਅਪਰਾਧੀ ਗਰੋਹ ਦਾ ਹਿੱਸਾ ਹਨ ਅਤੇ ਕਥਿਤ ਤੌਰ ’ਤੇ ਕਈ ਹਿੰਸਕ ਘਟਨਾਵਾਂ ਤੇ ਗੋਲੀਬਾਰੀ ’ਚ ਸ਼ਾਮਲ ਹਨ, ਜਿਨ੍ਹਾਂ ’ਚ ਸਟੱਰ, ਸੈਕਰਾਮੈਂਟੋ, ਸੈਨ ਜੋਆਕਿਨ, ਸੋਲਾਨੋ, ਯੋਲੋ ਅਤੇ ਮਰਸਡ ਕਾਉਂਟੀਆਂ ’ਚ ਕਤਲ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਸਮੂਹਾਂ ਦੇ ਮੈਂਬਰ ਕਥਿਤ ਤੌਰ ’ਤੇ 27 ਅਗਸਤ 2022 ਨੂੰ ਸਟਾਕਟਨ ਦੇ ਗੁਰਦੁਆਰੇ ’ਚ ਗੋਲੀਬਾਰੀ ਅਤੇ 23 ਮਾਰਚ 2023 ਨੂੰ ਸੈਕਰਾਮੈਂਟੋ ਦੇ ਇੱਕ ਹੋਰ ਗੁਰਦੁਆਰੇ ’ਚ ਗੋਲੀਬਾਰੀ ’ਚ ਸ਼ਾਮਲ ਸਨ।


TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

21 ਅਪ੍ਰੈਲ, ਦਿਨ ਸ਼ੁੱਕਰਵਾਰ........ਸਵੇਰੇ 10:00 ਵਜੇ ਭਾਈ ਰਣਜੀਤ ਸਿੰਘ ਬੱਲ ਅਤੇ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 23 ਅਪ੍ਰੈਲ, ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ, ਉਪਰੰਤ ਦੀਵਾਨ ਸਜਣਗੇ।

21 ਅਪ੍ਰੈਲ, ਦਿਨ ਸ਼ੁੱਕਰਵਾਰ........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

22 ਅਪ੍ਰੈਲ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਅਨੰਦ ਕਾਰਜ ਹੋਵੇਗਾ।

23 ਅਪ੍ਰੈਲ, ਦਿਨ ਐਤਵਾਰ.........ਸਵੇਰ ਨੂੰ ਨੰਬਰ 2 ਦਰਬਾਰ ਹਾਲ ਵਿੱਚ ਰਿਆਰ ਪਰਿਵਾਰ ਵਲੋਂ ਲੰਗਰ ਹੋਵੇਗਾ।

23 ਅਪ੍ਰੈਲ, ਦਿਨ ਐਤਵਾਰ.........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸ਼ਵਿੰਦਰ ਸਿੰਘ ਮੁਕਰ ਅਤੇ ਪਰਿਵਾਰ ਵਲੋਂ ਹੋਵੇਗੀ।

23 ਅਪ੍ਰੈਲ, ਦਿਨ ਐਤਵਾਰ.........ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਜਸਵੰਤ ਸਿੰਘ ਕੰਦੋਲਾ ਅਤੇ ਪਰਿਵਾਰ ਵਲੋਂ ਹੋਵੇਗੀ।

27 ਅਪ੍ਰੈਲ, ਦਿਨ ਵੀਰਵਾਰ.........ਸਵੇਰ ਨੂੰ ਅਨੰਦ ਕਾਰਜ ਹੋਵੇਗਾ।

28 ਅਪ੍ਰੈਲ, ਦਿਨ ਸ਼ੁੱਕਰਵਾਰ.......ਸਵੇਰ ਨੂੰ ਅਨੰਦ ਕਾਰਜ ਹੋਵੇਗਾ।

29 ਅਪ੍ਰੈਲ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਅਨੰਦ ਕਾਰਜ ਹੋਵੇਗਾ।

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਵਾਂ ਸ਼ਹਿਰ ਦੇ ਗੜ੍ਹ ਸ਼ੰਕਰ ਦੇ ਆਸ-ਪਾਸ ਦੇ ਪਿੰਡਾਂ ਦੀਆਂ ਸੰਗਤਾਂ ਵਲੋਂ ਬ੍ਰਹਮ ਗਿਆਨੀ ਬਾਬਾ ਜਵਾਹਰ ਸਿੰਘ ਜਿਹੜੇ ਕਿ ਬਾਬਾ ਗੰਗਦਾਸ ਗੜ੍ਹ ਸ਼ੰਕਰ ਵਾਲੇ ਦੇ ਪੜੋਪੋਤਰੇ ਸਨ ਦੀ ਯਾਦ ਵਿਚ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਏ ਜਾ ਰਹੇ ਹਨ।

ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ 28 ਅਪ੍ਰੈਲ 2023, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ 30 ਅਪ੍ਰੈਲ 2023, ਦਿਨ ਐਤਵਾਰ ਸਵੇਰੇ 9:00 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰ

| | |
|---|---|
| ਭਾਈ ਸੁੱਚਾ ਸਿੰਘ ਮਾਨ 604-805-6505 | ਬੀਬੀ ਕਿਰਪਾਲ ਕੌਰ ਗਿੱਲ 604-715-1042 |
| ਭਾਈ ਹਰਦੀਪ ਸਿੰਘ 604-346-6665 | ਭਾਈ ਸੁਰਜੀਤ ਸਿੰਘ ਹੀਰ 604-306-5069 |
| ਭਾਈ ਕਰਨੈਲ ਸਿੰਘ ਸਹੋਤਾ 604-446-8777 | ਭਾਈ ਅਵਤਾਰ ਸਿੰਘ ਪਾਲਕ 604-369-1058 |

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਸ਼ਹੀਦ ਭਾਈ ਗੁਰਨਾਮ ਸਿੰਘ ਬੁੱਟਰ

2 ਅਪ੍ਰੈਲ 1988 ਵਾਲੇ ਦਿਨ ਡਾ. ਗੁਰਨਾਮ ਸਿੰਘ ਬੁੱਟਰ ਨੂੰ ਐੱਸ ਐੱਸ ਪੀ ਸਵਰਨੇ ਘੋਟਣੇ ਨੇ, ਡੀ ਐੱਸ ਪੀ ਕੇਹਰ ਸਿੰਘ ਅਤੇ ਥਾਣਾ ਮੁੱਖੀ ਐੱਸ ਐੱਚ ਓ ਪੂਰਨ ਸਿੰਘ ਦੇ ਨਾਲ ਮਿਲ ਕੇ, ਅਣਮਨੁੱਖੀ ਤਸੀਹੇ ਦੇਣ ਤੋਂ ਬਾਅਦ, ਝੂਠਾ ਪੁਲਿਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

10 ਜਨਵਰੀ 1961 ਵਾਲੇ ਦਿਨ ਸ਼ਹੀਦ ਭਾਈ ਗੁਰਨਾਮ ਸਿੰਘ ਬੁੱਟਰ ਦਾ ਜਨਮ ਪਿੰਡ ਬੁੱਟਰ ਵਿੱਖੇ, ਪਿਤਾ ਸਰਦਾਰ ਦਲੀਪ ਸਿੰਘ ਬੁੱਟਰ ਅਤੇ ਮਾਤਾ ਬੀਬੀ ਪ੍ਰੀਤਮ ਕੌਰ ਦੇ ਗ੍ਰਹਿ ਵਿਖੇ ਹੋਇਆ। ਬਚਪਣ ਵਿੱਚ ਆਪ ਜੀ ਦਾ ਨਾਂ ਜਗਦੀਸ਼ ਸਿੰਘ ਰਖਿਆ ਗਿਆ ਸੀ। ਪਿੰਡ ਬੁੱਟਰ ਦੇ ਸਰਕਾਰੀ ਹਾਈ ਸਕੂਲ ਤੋਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ ਅਤੇ ਡੀ ਏ ਵੀ. ਕਾਲਜ ਜਲ਼ੰਧਰ ਤੋਂ ਪ੍ਰੀ.ਮੈਡੀਕਲ ਦੀ ਪ੍ਰੀਖਿਆ ਪਾਸ ਕੀਤੀ।ਉਪਰੰਤ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲੇ ਤੋਂ ਮੈਡੀਕਲ ਵਿੱਚ ਦਾਖਲਾ ਲਿਆ। ਫੇਰ ਇਕ ਸਾਲ ਆਪ ਜੀ ਨੇ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣੇ ਤੋਂ ਅਗਲੇਰੀ ਪੜ੍ਹਾਈ ਕੀਤੀ।

1980 ਨੂੰ ਸਰਦਾਰ ਜਗਦੀਸ਼ ਸਿੰਘ ਉਰਫ ਡਾ:ਗੁਰਨਾਮ ਸਿੰਘ ਬੁੱਟਰ ਨੇ ਗੌਰਮਿੰਟ ਮੈਡੀਕਲ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਐਮ.ਬੀ.ਬੀ ਐਸ. ਵਿੱਚ ਦਾਖਲਾ ਲਿਆ ਅਤੇ ਮੈਡੀਕਲ ਦੀ ਵਿਦਿਆ ਹਾਸਲ ਕੀਤੀ। ਇਹ ਦੌਰ ਉਹ ਦੌਰ ਸੀ ਜਦੋਂ ਖਾੜਕੂ ਲਹਿਰ ਆਪਣੇ ਪੂਰੇ ਜੋਬਨ ਉਪਰ ਸੀ।ਪੰਜਾਬ ਦਾ ਕੀ,ਸਗੋਂ ਹਰ ਸਿੱਖ ਹੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਸੀ।

ਜੂਨ 1984 ਦੇ ਹਿੰਦ ਫ਼ੌਜ ਦੇ ਸ੍ਰੀ ਆਕਲ ਤਖ਼ਤ ਸਾਹਿਬ ਵਿਖੇ ਕੀਤੇ ਹਮਲੇ ਤੋਂ ਬਾਅਦ ਆਪ ਪੂਰੀ ਤਰ੍ਹਾਂ ਨਾਲ ਸੰਘਰਸ਼ ਵਿੱਚ ਸ਼ਾਮਲ ਹੋ ਗਏ। ਪਰ ਪੜਾਈ ਵੀ ਨਾਲੋ ਨਾਲ ਜਾਰੀ ਰਖੀ। ਆਪ ਜੁਝਾਰੂ ਕਾਰਵਾਈਆਂ ਕਰਦੇ ਕਰਦੇ ਐਮ ਬੀ ਬੀ ਐਸ ਕਰ ਕੇ ਡਾਕਟਰ ਵੀ ਬਣ ਗਏ ਜੋ ਆਸਾਨ ਕੰਮ ਨਹੀਂ ਸੀ। 25 ਦਸੰਬਰ1986 ਵਾਲੇ ਦਿਨ ਸ਼ਾਮ ਦਾ ਵਕਤ ਸੀ, ਥਾਣਾ ਸਿਵਲ ਲਾਈਨ ਸ੍ਰੀ ਅੰਮ੍ਰਿਤਸਰ ਦੇ ਸਬ-ਇੰਸਪੈਕਟਰ ਪਿੰਦਰ ਸਿੰਘ ਦੀ ਕਮਾਨ ਹੇਠ ਭਾਰੀ ਪੁਲਿਸ ਫੋਰਸ ਨੇ ਸਰਕਾਰੀ ਮੈਡੀਕਲ ਕਾਲਜ ਨੂੰ ਚਾਰੇ ਪਾਸਿਉਂ ਘੇਰਾ ਪਾ ਲਿਆ। ਇਥੇ ਆਪ ਮੈਡੀਕਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਬਤੌਰ ਡਾਕਟਰ ਦੇ ਇੰਟਰਨਸ਼ਿਪ ਕਰ ਰਹੇ ਸੋ। ਇਥੇ ਆਪ ਨੂੰ ਗ੍ਰਿਫਤਾਰ ਕਰਕੇ ਟਾਢਾ ਦੇ ਅਧੀਨ ਨਜ਼ਰਬੰਦ ਕਰ ਦਿੱਤਾ। ਸਬ ਇੰਸਪੈਕਟਰ ਪਿੰਦਰ ਸਿੰਘ ਨੇ ਆਪਣੀ ਐੱਫ ਆਈ ਆਰ ਦੀ ਰਪਟ ਨੰ.17, ਸਮਾਂ 4.30 ਸ਼ਾਮ ਦਿਨਾਂਕ 25 ਦਸੰਬਰ 1986 ਥਾਣਾ ਸਿਵਲ ਲਾਈਨ (ਅੰਮ੍ਰਿਤਸਰ) ਵਿੱਚ ਲਿਖਿਆ ਕਿ ਇੱਕ ਸਿੱਖ, ਆਪਣੇ ਸਾਥੀਆਂ ਦੇ ਨਾਲ ਸਰਕਾਰੀ ਮੈਡੀਕਲ ਕਾਲਜ ਦੀ ਹਦੂਦ ਵਿੱਚ ਖ਼ਾਲਿਸਤਾਨ ਜਿੰਦਾਬਾਦ ਦੇ ਨਾਹਰੇ ਲਗਾ ਕੇ ਕਾਲਜ ਦੇ ਮੁੰਡੇ ਕੁੜੀਆਂ ਨੂੰ ਭੜਕਾ ਰਿਹਾ ਸੀ ਅਤੇ ਮੈਂ (ਸਬ ਇੰਸਪੈਕਟਰ ਪਿੰਦਰ ਸਿੰਘ )ਇਸ ਨੂੰ ਗ੍ਰਿਫਤਾਰ ਕਰ ਲਿਆ, ਪੁੱਛਣ' ਤੇ ਇਸ ਨੇ ਆਪਣਾ ਨਾਮ ਜਗਦੀਸ਼ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਬੂ੍ੱਟਰ ਜ਼ਿਲ੍ਹਾ ਗੁਰਦਾਸਪੁਰ ਦੱਸਿਆ। ਇਹ ਵਿਅਕਤੀ ਗ੍ਰਿਫਤਾਰ ਹੋ ਜਾਣ ਤੋਂ ਬਾਅਦ ਵੀ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਲਗਾਉਂਦਾ ਰਿਹਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਪੁਲੀਸ ਦੀ ਘੜ਼ੀ ਗਈ ਇਕ ਕਹਾਣੀ ਸੀ ਜਦੋਂ ਕੇ ਡਾ. ਬੁੱਟਰ ਨੂੰ ਉਨ੍ਹਾਂ ਦੇ ਕਮਰੇ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ। ਅਤੇ ਇਹ ਗ੍ਰਿਫਤਾਰੀ ਕਿਸੇ ਮੁਖਬਰ ਦੀ ਜਾਣਕਾਰੀ ਉਪਰ ਮੈਡੀਕਲ ਕਾਲਜ ਅੰਦਰੋਂ ਹੋਈ ਸੀ।



ਅਪ੍ਰੈਲ 1987 ਵਿੱਚ ਡਾਕਟਰ ਬੁੱਟਰ ਨੇ ਸ੍ਰੀ ਦਰਬਾਰ ਸਾਹਿਬ ਵਿੱਖੇ ਫੈਡਰੇਸ਼ਨ ਦੀ ਇੱਕ ਕਾਨਫਰੰਸ ਵਿੱਚ ਐਲਾਨ ਕੀਤਾ ਸੀ ਕੇ, ਮੈਨੂੰ ਹੁਣ ਇਸ ਹਿੰਦੂਸਤਾਨ ਦੀ ਸਰਕਾਰ ਤੇ ਉੱਕਾ ਕੋਈ ਭਰੋਸਾ ਨਹੀਂ ਰਿਹਾ ਇਸ ਕਰਕੇ, ਉਹ ਮੈਡੀਕਲ ਅਫਸਰ ਦੇ ਅਹੁਦੇ ਤੋਂ ਅਸਤੀਫਾ ਦੇ ਰਹੇ ਹਨ। ਇਥੇ ਆਪ ਨੇ ਇਹ ਪ੍ਰਣ ਲਿਆ ਕਿ ਸਿੱਖ ਕੌਮ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਆਪ ਸ਼ਹਾਦਤ ਕਬੂਲ ਕਰਨੋਂ ਝਿਜਕੋ ਗੇ ਨਹੀਂ।ਇਸ ਤੋਂ ਬਾਅਦ ਡਾ. ਬੁੱਟਰ ਪੂਰੀ ਤਰ੍ਹਾਂ ਸਿੱਖ ਸੰਘਰਸ਼ ਨੂੰ ਸਮਰਪਿਤ ਹੋ ਕੇ ਰਣ ਤਤੇ ਵਿੱਚ ਆਣ ਡਟੇ ।

ਡਾ. ਬੁੱਟਰ ਨੇ ਖਾਲਿਸਤਾਨ ਦੀ ਆਜ਼ਾਦੀ ਦੇ ਇਸ ਸੰਘਰਸ਼ ਵਿੱਚ ਆਪਣਾ ਤਨ ਮਨ ਧਨ ਭਾਵ ਸਾਰਾ ਜੀਵਨ ਹੀ ਅਰਪਣ ਕਰ ਦਿੱਤਾ ਪਰ ਆਪ ਨੇ ਕਦੇ ਕਿਸੇ ਨਾਲ ਨਾ ਨਜਾਇਜ਼ ਕੀਤੀ ਅਤੇ ਨਾ ਹੀ ਕਿਸੇ ਨਾਲ ਨਾਜਾਇਜ਼ ਹੋਣ ਹੀ ਦਿੱਤੀ।

9 ਅਪ੍ਰੈਲ 1988 ਨੂੰ ਡਾ.ਗੁਰਨਾਮ ਸਿੰਘ ਬੁੱਟਰ ਇਕ ਖਾਸ ਐਕਸ਼ਨ ਤੋਂ ਬਾਅਦ ਸਪੋਰਟਸ ਕਾਲਜ ਜਲੰਧਰ ਵੱਲ ਜਾ ਰਹੇ ਸਨ ਕਿ ਇੱਕ ਮੁਖਬਰ ਦੀ ਮੁਖਬਰੀ ਉਤੇ ਸਵਰਨੇ ਘੋਟਣੇ ਨੇ ਭਾਰੀ ਪੁਲਿਸ ਸਮੇਤ ਘੇਰਾ ਪਾ ਲਿਆ। ਅਤੇ ਸਵਰਨੇ ਘੋਟਣੇ ਦੇ ਕਹਿਣ ਤੇ ਪੁਲਸੀਆਂ ਨੇ ਡਾਂਗਾ ਅਤੇ ਬੰਦੂਕਾਂ ਦੇ ਬੱਟ ਮਾਰ ਮਾਰ ਕੇ ਡਾਕਟਰ ਸਾਹਿਬ ਨੂੰ ਅਧਿਮੋਇਆ ਕਰ ਦਿਤਾ। ਖੂਨ ਵਿੱਚ ਲੱਥ-ਪੱਥ ਅਧਿਮੋਏ ਹੋਏ ਇਸ ਜੰਗਜੂ ਜਰਨੈਲ ਨੂੰ ਐਸ.ਐਸ.ਪੀ. ਸਵਰਨਾ ਘੋਟਣਾ ਕਪੂਰਥਲੇ ਲੈ ਆਇਆ ਅਤੇ ਦੋ ਦਿਨ ਡਾ. ਬੁੱਟਰ ਉਪਰ ਅੰਨ੍ਹਾ ਅਤੇ ਅਣਮਨੁੱਖੀ ਤਸ਼ਦਦ ਕੀਤਾ ਗਿਆ। ਸਰੀਆ ਗਰਮ ਕਰਕੇ ਆਪ ਦੇ ਪੇਟ ਦੇ ਆਰ ਪਾਰ ਕਰ ਦਿੱਤਾ ਗਿਆ। ਸਰੀਰ ਦੀਆਂ ਅਨੇਕਾਂ ਹੱਡੀਆਂ ਤੋੜਨ ਦੇ ਬਾਵਜੂਦ ਵੀ ਅਤੇ ਇੰਨਾਂ ਸਖ਼ਤ ਤਸ਼ੱਦਦ ਹੋਣ ਤੇ ਵੀ ਪੁਲਸੀਏ, ਡਾ. ਬੁੱਟਰ ਦਾ ਮੂੰਹ ਨਹੀਂ ਖੁਲਵਾ ਸਕੇ।

ਮਨੁੱਖੀ ਹੱਕਾਂ ਦੇ ਰਾਖੇ ਜਸਟਿਸ ਅਜੀਤ ਸਿੰਘ ਬੈਂਸ ਅਤੇ ਗੁਰਭਜਨ ਸਿੰਘ ਗਿੱਲ ਹੋਰਾਂ ਨੇ 10 ਅਪ੍ਰੈਲ ਵਾਲੇ ਦਿਨ ਸਰਕਾਰ ਪਾਸ ਮੰਗ ਕੀਤੀ ਕਿ ਡਾਕਟਰ ਬੁੱਟਰ ਦੀ ਗ੍ਰਿਫਤਾਰੀ ਪਾ ਕੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਪਰ ਸਰਕਾਰੀ ਨਸ਼ੇ ਵਿੱਚ ਅਨੇ, ਐੱਸ ਐੱਸ ਪੀ ਸਵਰਨੇ ਘੋਟਣੇ ਨੇ, ਡੀ ਐੱਸ ਪੀ ਕੇਹਰ ਸਿੰਘ ਅਤੇ ਥਾਣਾ ਮੁੱਖੀ ਐੱਸ ਐੱਚ ਓ ਪੂਰਨ ਸਿੰਘ ਨੇ ਮਨੁੱਖੀ ਹੱਕਾਂ ਦੀ ਪਰਵਾਹ ਕੀਤਿਆਂ ਬਗੈਰ ਡਾ. ਬੁੱਟਰ ਹੁਣਾਂ ਉਪਰ ਅਣਮਨੁੱਖਾ ਤਸ਼ੱਦਦ ਜਾਰੀ ਰੱਖਿਆ।

12 ਅਪ੍ਰੈਲ 1988 ਵਾਲੇ ਦਿਨ ਤਸ਼ੱਦਦ ਨਾਲ ਬੇ-ਸੁਰਤ ਹੋ ਚੁੱਕੇ ਡਾ. ਬੁੱਟਰ ਬੋਲਣੋਂ ਵੀ ਅਸਮਰੱਥ ਹੋ ਚੁੱਕੇ ਸਨ। ਅਤੇ ਜਦੋਂ ਪੁਲਿਸ ਨੇ ਦੇਖਿਆ ਕੇ ਅਸੀਂ ਇਸ ਦੇ ਮੂੰਹੋਂ ਕੁਝ ਵੀ ਨਹੀਂ ਕਡਵਾ ਸਕਦੇ ਤਾਂ ਡਾ. ਸਾਹਿਬ ਦੇ ਬੇਸੁਰਤ ਸਰੀਰ ਨੂੰ ਕਪੂਰਥਲਾ ਦੇ ਫੱਤੂਢੀਂਗੇ ਵਿਖੇ ਲਜਾ ਕੇ ਆਪ ਦੀ ਛਾਤੀ ਵਿਚੋਂ ਛੇ ਗੋਲੀਆਂ ਲੰਘਾ ਦਿੱਤੀਆ। ਪ੍ਰੈਸ ਦੇ ਅੱਗੇ ਘੜੀ ਗਈ ਕਹਾਣੀ ਵਿੱਚ ਕਿਹਾ ਗਿਆ ਕਿ,"ਏ ਸ਼੍ਰੇਣੀ ਦਾ ਖਤਰਨਾਕ ਖਾੜ੍ਹਕੂ ਅਤੇ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਕਨਵੀਨਰ ਜਗਦੀਸ਼ ਸਿੰਘ ਉਰਫ ਗੁਰਨਾਮ ਸਿੰਘ ਬੁੱਟਰ , 12 ਅਪ੍ਰੈਲ ਨੂੰ ਫੱਤੂਢੀਂਗੇ ਨੇੜ਼ੇ ਹੋਏ ਇਕ ਭਾਰੀ

ਪੁਲਿਸ ਮੁਕਾਬਲੇ ਵਿੱਚ ਉਦੋਂ ਮਾਰਿਆ ਗਿਆ ਜਦੋਂ ਉਹ ਖਾੜਕੂਆਂ ਨੂੰ ਹਥਿਆਰ ਦੇਣ ਜਾ ਰਿਹਾ ਸੀ। ਪੁਲਿਸ ਨੂੰ ਉਸ ਦੀ ਲਾਸ਼ ਕੋਲੋਂ ਖਤਰਨਾਕ ਅਸਲਾ ਵੀ ਬਰਾਮਦ ਹੋਇਆ ਹੈ।

ਡਾ. ਬੁਟਰ ਹੁਣਾਂ ਨੂੰ ਸ਼ਹੀਦ ਕਰਣ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਦਾ ਚੁੱਪ ਚਪੀਤੇ ਕਪੂਰਥਲੇ ਦੇ ਸ਼ਮਸ਼ਾਨਘਾਟ ਵਿਖੇ ਸਸਕਾਰ ਕਰ ਦਿੱਤਾ।ਪਰਿਵਾਰ ਨੂੰ ਸ਼ਹੀਦ ਦੀ ਮ੍ਰਿਤਕ ਦੇਹ ਦੇਣੀ ਤਾਂ ਕੀ, ਸਗੋਂ ਅੰਤਮ ਦਰਸ਼ਨਾਂ ਦੀ ਵੀ ਇਜਾਜ਼ਤ ਨਹੀਂ ਦਿੱਤੀ ਗਈ।

**ਗੁਰਦੀਪ ਸਿੰਘ ਜਗਬੀਰ (ਡਾ.)**

# ਏਆਈਜੀ ਰਾਜਜੀਤ ਸਿੰਘ ਨੂੰ ਭਗਵੰਤ ਸਿੰਘ ਮਾਨ ਨੇ ਕੀਤਾ ਬਰਖ਼ਾਸਤ

ਚੰਡੀਗੜ੍ਹ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਪੁਲੀਸ ਦੇ ਏਆਈਜੀ ਰਾਜਜੀਤ ਸਿੰਘ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਇਸ ਦੇ ਨਾਲ ਉਨ੍ਹਾਂ ਨੇ ਕਿਹਾ ਕਿ ਨਸ਼ਾ ਤਸਕਰੀ ਚ ਸ਼ਾਮਲ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਮੁੱਖ ਮੰਤਰੀ ਨੇ ਵਿਜੀਲੈਂਸ ਨੂੰ ਇਸ ਸਾਬਕਾ ਅਧਿਕਾਰੀ ਦੀ ਜਾਇਦਾਦ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ।


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਜਲ੍ਹਿਆਂ ਵਾਲਾ ਬਾਗ ਵਿਚ 1919 ਦੀ ਖ਼ੂਨੀ ਵਿਸਾਖੀ ਨੂੰ ਚਿਤਵਦਿਆਂ

ਤੜਪ ਰਿਹੈ ਸੌ ਸਾਲ ਤੋਂ ਮਗਰੋਂ,
ਜੱਲ੍ਹਿਆਂ ਵਾਲਾ ਬਾਗ ਅਜੇ ਵੀ।
ਡਾਇਰ ਤੇ ਓਡਵਾਇਰ ਰਲ ਕੇ,
ਗਾਉਂਦੇ ਓਹੀ ਰਾਗ ਅਜੇ ਵੀ।
ਆਜ਼ਾਦੀ ਦਾ ਮੁਕਤੀ ਮਾਰਗ,
ਹਾਲੇ ਕਿੰਨੀ ਦੂਰ ਸਵੇਰਾ,
ਥਾਲੀ ਵਿੱਚ ਅਣਚੋਪੜੀਆਂ ਤੇ,
ਨਾਲ ਅਲੂਣਾ ਸਾਗ ਅਜੇ ਵੀ।
ਸਰਹੱਦਾਂ ਤੇ ਪਹਿਰੇਦਾਰੀ,
ਕਰ ਕਰ ਹਾਰੇ ਕੁੱਲੀਆਂ ਢਾਰੇ,
ਸੋਗ ਸੁਨੇਹੇ ਫਿਰਨ ਬਨੇਰੇ,
ਕੁਰਲਾਉਂਦਾ ਹੈ ਕਾਗ ਅਜੇ ਵੀ।
ਸੁੱਤਿਆ ਲੋਕਾ ਤੇਰੀ ਗਠੜੀ,
ਲੈ ਚੱਲੇ ਨੇ ਚੋਰ, ਮੁਸਾਫ਼ਿਰ,
ਘਰ ਨੂੰ ਸਾਂਭਣ ਖ਼ਾਤਿਰ ਤੈਨੂੰ,
ਕਿਉਂ ਨਾ ਆਵੇ ਜਾਗ ਅਜੇ ਵੀ।
ਧਰਮ ਖੇਤ ਦੇ ਅੰਦਰ ਦੱਬੀ,
ਸਾਰੀ ਫ਼ਸਲ ਨਦੀਨਾਂ ਮਾਰੀ,
ਮਨ ਮੰਦਿਰ ਵਿੱਚ ਕੁਫ਼ਰ ਪਸਾਰਾ,
ਕਹੀਏ ਸੁੱਤੇ ਭਾਗ ਅਜੇ ਵੀ।
ਛੇ ਸਦੀਆਂ ਤੋਂ ਮਗਰੋਂ ਅੱਜ ਵੀ,
ਮੇਰੀ ਕੁੱਲੀ ਓਸੇ ਥਾਂ ਤੇ,
ਜਿੱਥੇ ਛੱਡ ਕੇ ਗਿਆ ਕਬੀਰਾ,
ਗਲ ਕਟੀਅਨ ਕੇ ਲਾਗ ਅਜੇ ਵੀ।
ਧਨਵੰਤੇ ਪਤਵੰਤੇ ਬਣ ਗਏ,
ਰੋਲਣ ਪੱਤ ਜ਼ਮੀਰਾਂ ਬਦਲੇ,
ਗੁਣਵੰਤੇ ਛੱਡ, ਬੇਕਦਰਾਂ ਹੱਥ,
ਸਮਿਆਂ ਵਾਲੀ ਵਾਗ ਅਜੇ ਵੀ।

**ਗੁਰਭਜਨ ਗਿੱਲ**

## .ਗ਼ਜ਼ਲ

ਉਡੀਕਾਂ ਵਿੱਚ ਪੱਬਾਂ ਭਾਰ ਹੋਏ ਹਾਦਸੇ ਨੇ
ਤੁਰਾਂਗਾ ਫੇਰ ਵੀ, ਭਾਵੇਂ ਇਹ ਰਸਤੇ ਓਪਰੇ ਨੇ
ਕਿਵੇਂ ਕਰੀਏ ਕਿ ਸਾਰੇ ਫੁੱਲ ਇੱਕੋ ਰੰਗ ਦੇ ਹੋਣ
ਨਵੇਂ ਮਾਲੀ ਚਿਰਾਂ ਤੋਂ ਕਰ ਰਹੇ ਇਹ ਮਸ਼ਵਰੇ ਨੇ
ਭਲਾ ਇਹ ਖ਼ੂਬਸੂਰਤ ਨਈਂ ਜੋ ਪਾਣੀ ਤੇ ਦਿਸੇ ਚੰਨ
ਇਹ ਆਖ਼ਰ ਲੋਕ ਕਿਹੜੇ ਨੇ ਜੋ ਦੀਵੇ ਤਾਰਦੇ ਨੇ
ਕਿਤਾਬਾਂ ਵਿੱਚ ਨਹੀਂ ਇਹ ਮਿਲਦੇ ਅੱਟਣਾਂ 'ਤੇ
ਕਿਸੇ ਮਜ਼ਦੂਰ ਦੇ ਹੱਥਾਂ 'ਤੇ ਉੱਕਰੇ ਫ਼ਲਸਫ਼ੇ ਨੇ
ਸਰਾਪੇ ਬਿਰਖ ਦੀ ਮੈਂ ਜੂਨ ਅੰਦਰ ਤੜਫਦਾ ਹਾਂ
ਤੇ ਮੇਰੀ ਰੀਝ ਦੇ ਪੱਤ ਦੂਰ ਤੀਕਰ ਖਿੱਲਰੇ ਨੇ
ਗ਼ਜ਼ਲ ਦੀ ਬਹਿਰ ਪਰਖੇ ਤੇ ਕੋਈ ਪਰਖੇ ਵਜ਼ਨ ਪਰ
ਇਹ ਮਿਸਰੇ ਨਹੀਂ ਇਹ ਮੇਰੀ ਪੀੜ ਦੇ ਹੀ ਤਰਜਮੇ ਨੇ

**ਪਾਲੀ ਖ਼ਾਦਿਮ**

## .ਗ਼ਜ਼ਲ

**ਅਰਸ਼ਦੀਪ ਸਿੰਘ ਨਿੱਝਰ**

ਰੌਲਾ ਹੈ ਸ਼ਹਿਰ ਵਿਚ ਤੇਰੇ ਨਾਂ 'ਤੇ ਦੰਗੇ ਹੋਣਗੇ,
ਚਲੋ ਚੰਗਾ ਹੈ ਚਿਹਰੇ ਕਈਆਂ ਦੇ ਨੰਗੇ ਹੋਣਗੇ।
ਇਲਮ ਹੁੰਦੇ ਹੋਏ ਵੀ ਕਿ ਅੱਗੇ ਡੂੰਘੀ ਖਾਈ ਹੈ,
ਛਲਾਂਗ ਵੀ ਦੇਖੀ ਚੱਲ ਚੰਗੇ-ਚੰਗੇ ਲਾਉਣਗੇ।
ਸ਼ਿਕਰੇ ਤਾਂ ਪਿੱਛੇ ਖੜ੍ਹ ਬਸ ਤਮਾਸ਼ਾ ਦੇਖਣਗੇ,
ਹੱਥ ਚਿੜੀਆਂ ਦੇ ਲਹੂ ਨਾਲ ਰੰਗੇ ਹੋਣਗੇ।
ਸੱਪਾਂ ਨਾਲੋਂ ਵੱਧ ਜ਼ਹਿਰੀ ਨੇ ਮਜ਼ਹਬੀ ਤਹਿਰੀਰਾਂ,
ਬੰਦੇ ਨੇ ਵੇਖੀਂ ਕਿਵੇਂ ਬੰਦੇ ਹੀ ਡੰਗੇ ਹੋਣਗੇ।
ਨਸ-ਨਸ ਵਿਚ ਨਫ਼ਰਤ ਤੇ ਸੰਕੀਰਨਤਾ ਦਾ ਵਾਸ,
ਉਂਝ ਕਹਿੰਦੇ ਨੇ ਉਹ ਅਜੇ ਦਿਨ ਚੰਗੇ ਆਉਣਗੇ।
ਵਰਜਦੇ ਨੇ ਘਰ ਦੇ ਮੈਨੂੰ ਸੱਚ ਬੋਲਣੇ ਤੋਂ 'ਅਰਸ਼'
ਹਾਕਮਾਂ ਨੇ ਦੇਖੀਂ ਸੱਚੇ ਹੀ ਸੂਲੀ ਟੰਗੇ ਹੋਣਗੇ।

ਸੰਪਰਕ: 94639-10148

## ਖ਼ੁਦ ਨਾਲ ਕੁਝ ਗੱਲਾਂ

**ਅੰਮ੍ਰਿਤਪਾਲ ਕੌਰ**

ਬਣ ਗਈ ਏਂ ਜ਼ਿੰਦਗੀ ਤੂੰ ਖੇਡ ਲੈਣ ਦੇਣ ਦੀ,
ਜਿੰਨਾ ਕੋਈ ਸੁਣਾ ਜਾਵੇ ਦੂੱਗਣਾ ਉਸੇ ਨੂੰ ਕਹਿਣ ਦੀ।
ਗੁਫ਼ਤਗੂ ਖ਼ੁਦ ਨਾਲ ਵੀ ਖ਼ੁਦ ਨੂੰ ਗਵਾਰਾ ਨਾ ਰਹੀ,
ਤਾਕਤ ਬਚੀ ਨਾ ਸੱਚ ਨੂੰ ਜ਼ਰਾ ਕੁ ਹਜ਼ਮ ਕਰ ਲੈਣ ਦੀ।
ਉਦਾਸੀਆਂ ਰੂਹਾਂ ਤੇ ਬੁੱਲ੍ਹੀਆਂ 'ਤੇ ਨਾਟਕੀ ਹਾਸੇ,
ਰਹਿ ਗਿਆ ਏ ਬਾਕੀ ਬੱਸ ਹੁਣ ਪਰਦੇ 'ਤੇ ਪਰਦਾ ਪਾਉਣ ਨੂੰ।
ਸੱਚ ਬੋਲਣਾ ਉਹਦਾ ਚੁਭਦਾ ਹੈ ਬਣਕੇ ਧਾਰ ਵਾਂਗ,
ਸਾਨੂੰ ਝੂਠ ਹੀ ਜਚਦਾ ਬੜਾ ਝੂਠਾ ਜਾ ਮਨ ਪਰਚਾਉਣ ਨੂੰ।
ਤਸਕਰੀ ਤਸੱਲੀਆਂ ਤੇ ਚਾਪਲੂਸੀਆਂ ਚਮਕਦੀਆਂ,
ਲਾਉਂਦੀਆਂ ਨੇ ਜ਼ੋਰ ਦੀਪ ਆਸਾਂ ਦੇ ਬੁਝਾਉਣ ਨੂੰ।
ਰਹਿਣ ਦੇ ਤੂੰ ਝਾਤੀਆਂ ਅੰਤਰ ਆਤਮੇ ਮਾਰਨੀਆਂ,
ਕੋਈ ਤਾਂ ਰੱਖ ਲੈ ਆਪਣਾ ਕੁਝ ਪਲ ਕੁ ਸੀਨੇ ਲਾਉਣ ਨੂੰ।

ਸੰਪਰਕ: 62849-10091

## ਜੰਗਾਂ

**ਬਲਵਿੰਦਰ ਸਿੰਘ ਕਾਹਲੋਂ**

ਕਿਤੇ ਗੋਲਿਆਂ ਦਾ ਸ਼ੋਰ ਹੈ,
ਇਹ ਤਾਕਤਾਂ ਦਾ ਖੋਰ ਹੈ।
ਚੁੱਪ ਜਿਉਂ ਮਸਾਣਾਂ ਜਹੀ,
ਕੋਈ ਚੀਕ ਜਿਉਂ, ਮਕਾਣਾਂ ਜਹੀ।
ਡਰ ਲੱਗੇ ਆਵੇ ਝੁਣਝੁਣੀ,
ਸਦਾ ਮੌਤ ਦੀ ਅਣ ਸੁਣੀ।
ਜਦ ਟੈਂਕ ਨੇ ਦਹਾੜਦੇ,
ਸੰਧੂਰ ਨੇ ਲਤਾੜਦੇ।
ਰੱਖੜੀ ਦੇ ਥਾਲ ਤਿਲ੍ਹਕਦੇ,
ਮਾਂਵਾਂ ਦੇ ਹਿਰਦੇ ਵਿਲਕਦੇ।
ਰੱਬ ਦਾ ਵੀ ਸੀਨਾ ਪਾਟਦਾ,
ਸੁਣ ਰੋਣਾ ਨਿੱਕੇ ਜਵਾਕ ਦਾ।
ਸਭ ਤਹਿਸ ਨਹਿਸ ਹੋ ਰਿਹਾ,
ਮਨੁੱਖ ਹਉਮੈ ਜੋਅ ਰਿਹਾ।
ਇਹ ਸਾਮਰਾਜੀ ਬਸਤੀਆਂ,
ਤੇ ਜਾਨਾਂ ਰੋਟੀਉਂ ਸਸਤੀਆਂ।

ਸੰਪਰਕ: 9814926034

## ਸਰਹੱਦਾਂ

ਪੈਟ੍ਰਿਕ ਰੋਸਲ

ਮੈਂ ਕਦੇ-ਕਦੇ ਸੋਚਦਾ ਹਾਂ
ਉੱਥੇ ਦੋ ਮੁਲਕ ਹਨ
ਬੰਦੂਕ ਦੇ ਦੋਵੇਂ ਪਾਸੇ
ਇੱਕ ਇਸ ਪਾਸੇ
ਇੱਕ ਉਸ ਪਾਸੇ
ਉੱਥੇ ਬੰਦੂਕਾਂ ਹਨ
ਸਰਹੱਦਾਂ 'ਤੇ
ਪਰ ਸਰਹੱਦਾਂ ਤਾਂ
ਇਸੇ ਤਰ੍ਹਾਂ ਬਣਦੀਆਂ ਹਨ
ਉਹ ਬੰਦੂਕਾਂ ਨਾਲ ਬਣਦੀਆਂ ਹਨ।

– ਅਨੁਵਾਦ: ਨਿਰਮਲ 'ਪ੍ਰੇਮੀ'
ਸੰਪਰਕ: 94631-61691

## ਗੱਲ ਸੁਣੀ ਪੰਜਾਬ ਸਿੰਹਾਂ

ਰਜਿੰਦਰ ਸਿੰਘ ਰਾਜਨ

ਗੱਲ ਸੁਣੀ ਪੰਜਾਬ ਸਿੰਹਾਂ,
ਤੈਨੂੰ ਇੱਕ ਗੱਲ ਮੈਂ ਸਮਝਾਵਾਂ।
ਅਕਸਰ ਹੀ ਮੁੜਦੀਆਂ ਨੇ,
ਗਲ਼ ਨੂੰ ਭੱਜੀਆਂ ਬਾਹਵਾਂ।
ਵੈਣ ਸੁਣ ਦਰਿਆਵਾਂ ਦੇ,
ਮਿੱਤਰਾ ਨੀਂਦ ਨਾ ਤੈਨੂੰ ਆਉਣੀ।
ਕਲ ਕਲ ਵਹਿੰਦੇ ਰੋਂਦੇ ਨੇ,
ਵਿਲਕਦੇ ਕਰਨ ਖੇਤਾਂ ਦੀ ਰੌਣੀ।
ਕਿਸ ਨੇ ਅੱਥਰੂ ਪੂੰਝਣੇ ਸੀ,
ਦੁਸ਼ਮਣ ਬਣਗੇ ਮਿੱਤਰ ਬੇਲੀ।
ਜਿੰਦਰਾ ਚੁੱਪ ਦਾ ਵੱਜ ਗਿਆ,
ਵਿਛੜੇ ਪਲਾਂ ਛਿਣਾਂ ਵਿਚ ਮੇਲੀ।
ਨਾ ਅੱਖਾਂ ਵਿੱਚ ਅੱਖ ਪਵੇ,
ਹਰਕਤ ਕੀਤੀ ਰਲ਼ ਘਿਨਾਉਣੀ।
ਨਫ਼ਰਤ ਦੇ ਬੀਜਾਂ ਨੇ ਰੋਲਤੀ,
ਵੱਢਾਂ ਟੁੱਕਾਂ ਵਿਚ ਸਾਉਣੀ।
ਕੋਸਦਾ ਪਾਣੀ ਪੀ ਪੀ ਕੇ,
ਨਿਕਲੇ ਪੁੱਤਰ ਨਿਰੇ ਨਿਕੰਮੇ।
ਪਹਿਨ ਕੇ ਚਾਦਰ ਮਜ਼ਹਬਾਂ ਦੀ,
ਝੂਰਦੀ ਮਾਂ ਕਿਉਂ ਲਾਡਲੇ ਜੰਮੇ।
ਬੁੱਤ ਬਣਗੇ ਮਿੱਟੀ ਦਾ,
ਜੋ ਸਨ ਇੱਕ ਭਾਂਡੇ ਵਿੱਚ ਖਾਂਦੇ।
ਮਿਲ ਹੱਥੀਂ ਉਜਾੜ ਗਏ,
ਚੁੰਨੀਆਂ, ਪੱਗਾਂ ਅਤੇ ਪਰਾਂਦੇ।
ਕਈ ਕਰ ਸੁਲ੍ਹਾ ਲੈਂਦੇ,
ਪਾਉਂਦੇ ਰਹੇ ਦੁਹਾਈਆਂ ਪਾਣੀ।
ਬਹਿ ਛੱਤਰੀ ਗ਼ੈਰਾਂ ਦੀ,
ਮਾਰਦੇ ਰਹੇ ਆਪਣੇ ਹਾਣੀ।
ਭੁੱਲਕੇ ਬੁੱਲ੍ਹੇ ਨਾਨਕ ਨੂੰ,
ਡਾਹਢਿਆਂ ਦਰ ਦਰ ਖ਼ੰਜਰ ਵੰਡੇ।
ਸਮਝ ਸਕੇ ਨਾ ਚਾਲਾਂ ਨੂੰ,
ਤਿੱਖੇ ਕਰ ਕਿਰਪਾਨਾਂ ਖੰਡੇ
ਟੁੱਟੇ ਹੋਏ ਸੁਪਨਿਆਂ ਨੂੰ,
ਜੋੜਨਾ ਚਾਹੁੰਦੀ ਏ ਮਾਂ ਬੋਲੀ।
ਚੜਦੇ ਲਹਿੰਦੇ ਜਾਣ ਗਏ,
ਨਫ਼ਰਤ ਚੌਧਰੀਆਂ ਜੋ ਘੋਲੀ।
ਤੜਫ਼ੇ ਅਸੀਂ ਤੁਸੀਂ ਦੋਵੇਂ,
ਪੱਲੇ ਲੁੱਟ ਉਜਾੜੇ ਭਾਰੀ।
ਉਹ ਰਾਜ ਪਏ ਕਰਦੇ ਨੇ,
ਸਾਡੇ ਹਿੱਸੇ ਗੁਰਬਤ ਲਾਚਾਰੀ।
ਟੁਕੜੇ ਹੋਏ ਪੰਜਾਬ ਸਿੰਹਾਂ,
ਹਾੜਾ ਦਿਲ ਦੁਬਾਰਾ ਜੋੜੀਂ।
ਤਰਸਦੇ ਲਾਹੌਰ ਨਨਕਾਣੇ ਨੂੰ,
ਸੱਚੀਂ ਦਿਲ ਨਾ ਸਾਡੇ ਤੋੜੀਂ।
ਹਾਕਾਂ ਮਾਰ ਗਰਾਈਆਂ ਨੂੰ,
'ਰਾਜਨ' ਟੁੱਟੇ ਤਾਰ ਕੰਡਿਆਲੀ।
ਸਭ ਤੁਰ ਜਹਾਨੋਂ ਗਏ,
ਪੁਰਖੇ ਸੱਧਰਾਂ ਮਨ ਵਿਚ ਪਾਲੀ।

ਸੰਪਰਕ: 96538-85032


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"

*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

# ਬਿਲਕੀਸ ਬਾਨੋ ਦਾ ਮਾਮਲਾ ਆਮ ਕਤਲ ਕੇਸ ਨਹੀਂ:ਸੁਪਰੀਮ ਕੋਰਟ

ਨਵੀਂ ਦਿੱਲੀ:ਬਿਲਕੀਸ ਬਾਨੋ ਕੇਸ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦੀ ਝਾੜ-ਝੰਬ ਕਰਦਿਆਂ ਦੋਸ਼ੀਆਂ ਨੂੰ ਕੈਦ ਦੀ ਮਿਆਦ ਦੌਰਾਨ ਦਿੱਤੀ ਗਈ ਪੈਰੋਲ 'ਤੇ ਸਵਾਲ ਉਠਾਇਆ ਜਦਕਿ ਕੇਂਦਰ ਤੇ ਗੁਜਰਾਤ ਸਰਕਾਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਮੂਲ ਫਾਈਲ ਨਾਲ ਤਿਆਰ ਰਹਿਣ ਦੇ 27 ਮਾਰਚ ਦੇ ਅਦਾਲਤੀ ਹੁਕਮਾਂ ਦੀ ਸਮੀਖਿਆ ਲਈ ਪਟੀਸ਼ਨ ਦਾਇਰ ਕੀਤੀ ਜਾ ਸਕਦੀ ਹੈ।



ਜਸਟਿਸ ਕੇਐੱਮ ਜੌਸਫ ਤੇ ਜਸਟਿਸ ਬੀਵੀ ਨਾਗਰਤਨ ਦੇ ਬੈਂਚ ਨੇ 11 ਦੋਸ਼ੀਆਂ ਨੂੰ ਉਨ੍ਹਾਂ ਦੀ ਕੈਦ ਦੀ ਮਿਆਦ ਦੌਰਾਨ ਦਿੱਤੀ ਗਈ ਪੈਰੋਲ 'ਤੇ ਸਵਾਲ ਉਠਾਇਆ ਤੇ ਕਿਹਾ ਕਿ ਰਾਜ ਵੱਲੋਂ ਅਪਰਾਧ ਦੀ ਗੰਭੀਰਤਾ 'ਤੇ ਵਿਚਾਰ ਕੀਤਾ ਜਾ ਸਕਦਾ ਸੀ।

ਅਦਾਲਤ ਨੇ ਬਿਲਕੀਸ ਬਾਨੋ ਮਾਮਲੇ 'ਚ ਦੋਸ਼ੀਆਂ ਨੂੰ ਸਜ਼ਾ 'ਚ ਛੋਟ ਦੇਣ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੇ ਆਖਰੀ ਨਿਬੇੜੇ ਲਈ ਦੋ ਮਈ ਦੀ ਤਾਰੀਕ ਤੈਅ ਕੀਤੀ ਹੈ।

ਬੈਂਚ ਨੇ ਕਿਹਾ ਕਿ ਕੇਸ ਨਾਲ ਸਬੰਧਤ ਮੂਲ ਫਾਈਲਾਂ ਨੂੰ ਪੇਸ਼ ਨਾ ਕਰਨ ਨੂੰ ਅਦਾਲਤ ਦੀ ਹੱਤਕ ਮੰਨਿਆ ਜਾਵੇਗਾ।




## ਅਤੀਕ ਅਤੇ ਅਸ਼ਰਫ ਦੀ ਹੱਤਿਆ ਪੁਲਿਸ ਦੀ ਭੂਮਿਕਾ 'ਤੇ ਸ਼ੱਕ ਪੈਦਾ ਕਰਦੀ ਹੈ:ਜਸਟਿਸ ਲੋਕੁਰ



ਨਵੀਂ ਦਿੱਲੀ:ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਮਦਨ ਬੀ. ਲੋਕੁਰ ਨੇ ਕਿਹਾ ਕਿ ਉੱਤਰ ਪ੍ਰਦੇਸ਼ ਦੇ ਇਲਾਹਾਬਾਦ ਵਿੱਚ ਪੁਲਿਸ ਹਿਰਾਸਤ ਵਿੱਚ ਅਤੀਕ ਅਹਿਮਦ ਅਤੇ ਉਸਦੇ ਭਰਾ ਅਸ਼ਰਫ ਦੀ ਬੇਰਹਿਮੀ ਨਾਲ ਹੱਤਿਆ 'ਬਹੁਤ ਮੰਦਭਾਗੀ ' ਹੈ ਅਤੇ ਉੱਤਰ ਪ੍ਰਦੇਸ਼ ਪੁਲਿਸ 'ਤੇ ਕਈ ਚਿੰਤਾਜਨਕ ਸਵਾਲ ਅਤੇ ਸ਼ੰਕੇ ਪੈਦਾ ਕਰਦੀ ਹੈ।ਜਸਟਿਸ ਲੋਕੁਰ ਨੇ ਪੁੱਛਿਆ: ਪਹਿਲਾਂ ਪੁਲਿਸ ਨੇ ਕਾਤਲਾਂ ਨੂੰ ਪੁਲਿਸ ਹਿਰਾਸਤ ਵਿੱਚ ਕਿਉਂ ਨਹੀਂ ਲਿਆ ਸਗੋਂ ਉਨ੍ਹਾਂ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਕਿਉਂ ਭੇਜਿਆ? ਕੀ ਉਹ ਜਾਂਚ ਨਹੀਂ ਕਰਨਾ ਚਾਹੁੰਦੇ? ਦੂਜਾ, ਕੀ ਪੁਲਿਸ ਹਥਿਆਰਬੰਦ ਸੀ? ਜੇ ਅਜਿਹਾ ਸੀ ਤਾਂ ਤੁਸੀਂ ਬਦਲਾ ਕਿਉਂ ਨਹੀਂ ਲਿਆ? ਜੇ ਨਹੀਂ, ਤਾਂ ਕਿਉਂ ਨਹੀਂ? ਤੀਜਾ, ਕਾਤਲਾਂ ਨੂੰ ਕਿਵੇਂ ਪਤਾ ਲੱਗਾ ਕਿ ਅਤੀਕ ਅਤੇ ਉਸ ਦੇ ਭਰਾ ਨੂੰ ਰਾਤ 10.30 ਵਜੇ ਹਸਪਤਾਲ ਲਿਜਾਇਆ ਜਾ ਰਿਹਾ ਹੈ? ਅਤੇ ਉਨ੍ਹਾਂ ਨੂੰ ਕਿਵੇਂ ਪਤਾ ਸੀ ਕਿ ਉੱਥੇ ਮੀਡੀਆ ਹੋਵੇਗਾ ਅਤੇ ਉਹ ਮੀਡੀਆ ਵਾਲੇ ਹੋਣ ਦਾ ਦਿਖਾਵਾ ਕਰ ਸਕਦੇ ਹਨ? ਕੀ ਕਿਸੇ ਨੇ ਉਸਨੂੰ ਸੂਚਿਤ ਕੀਤਾ? ਚੌਥਾ, ਰਾਤ 10.30 ਵਜੇ ਉਸ ਨੂੰ ਮੈਡੀਕਲ ਜਾਂਚ ਲਈ ਲਿਜਾਣ ਦੀ ਕੀ ਲੋੜ ਸੀ? ਉਸ ਨੂੰ ਸਵੇਰੇ ਕਿਉਂ ਨਹੀਂ ਲਿਆ ਜਾ ਸਕਿਆ, ਖ਼ਾਸਕਰ ਜਦੋਂ ਉਸ ਦੀ ਪੁਲਿਸ ਹਿਰਾਸਤ ਐਤਵਾਰ ਸ਼ਾਮ 5 ਵਜੇ ਖ਼ਤਮ ਹੋਣੀ ਸੀ?ਯੋਗੀ ਆਦਿੱਤਿਆਨਾਥ ਦੇ ਬਿਆਨ ਕਿ ਉਹ 'ਮਿੱਟੀ ਵਿੱਚ ਮਿਲ ਜਾਣਗੇ' ਬਾਰੇ ਉਨ੍ਹਾਂ ਕਿਹਾ, 'ਅਜਿਹਾ ਕਹਿਣਾ ਬਹੁਤ ਮੰਦਭਾਗਾ ਹੈ। ਇਹ ਸਿਰਫ਼ ਸੱਚ ਨਹੀਂ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਕਾਨੂੰਨ ਦੇ ਰਾਜ, ਸਾਡੀ ਨਿਆਂ ਪ੍ਰਣਾਲੀ ਵਿੱਚ ਸਭ ਠੀਕ ਹੀਂ ਹੈ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਗੁਰੂ ਅੰਗਦ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਜੀ ਅਤੇ ਪ੍ਰਕਾਸ਼ ਦਿਹਾੜਾ ਭਗਤ ਧੰਨਾ ਜੀ ਦਾ ਮਨਾਇਆ ਜਾਵੇਗਾ। 23 ਅਪ੍ਰੈਲ ਦਿਨ ਐਤਵਾਰ ਨੂੰ ਸਹਿਜਪਾਠ ਦੇ ਭੋਗ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*23 ਅਪ੍ਰੈਲ ਦਿਨ ਐਤਵਾਰ ਸਵ. ਭਾਈ ਕਰਤਾਰ ਸਿੰਘ ਔਲਖ ਦਾ ਦੁਪਹਿਰ 12.30 ਵਜੇ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2 ਵਜੇ ਹੋਵੇਗੀ।



*23 ਅਪ੍ਰੈਲ ਦਿਨ ਐਤਵਾਰ ਸ਼ਾਮ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਬੀਬੀ ਰੁਪਿੰਦਰ ਕੌਰ ਧਾਲੀਵਾਲ ਵੱਲੋਂ ਆਪਣੀ ਬੇਟੀ ਰੋਜੀ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ
2. ਭਾਈ ਸੁਰਿੰਦਰ ਸਿੰਘ ਬੋਪਾਰਾਏ ਪਰਿਵਾਰ ਵੱਲੋਂ

*24 ਅਪ੍ਰੈਲ ਦਿਨ ਸੋਮਵਾਰ ਸਵੇਰੇ 10 ਵਜੇ ਸਹਿਜਪਾਠ ਦੇ ਭੋਗ ਸਵ. ਮਹਿੰਦਰ ਸਿੰਘ ਜੀ ਦੀ ਯਾਦ ਵਿਚ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*26 ਅਪ੍ਰੈਲ ਦਿਨ ਬੁੱਧਵਾਰ ਕਾਕਾ ਸਕੱਤਰ ਸਿੰਘ ਸਰਾਂ ਅਤੇ ਬੇਟੀ ਮਨਪ੍ਰੀਤ ਕੌਰ ਦਾ ਸ਼ੁੱਭ ਅਨੰਦਕਾਰਜ ਹੋਵੇਗਾ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ ਸੁਲਤਾਨਪੁਰ ਲੋਧੀ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224, ਫੈਕਸ:604-572-3276

# ਹਸਗੁੱਲੇ

ਟੀਚਰ :-ਤੂੰ ਇੰਨੀ ਲੇਟ ਕਿਉਂ ਆਇਆ ਹੈ?

ਬੱਚਾ :-ਜੀ ਮੇਰੀ ਮੰਮੀ ਪਾਪਾ ਆਪਸ ਵਿੱਚ ਲੜਾ ਰਹੇ ਸਨ ਇਸ ਲਈ!

ਟੀਚਰ :-ਲੜ ਤਾਂ ਉਹ ਰਹੇ ਸਨ ਪਰ ਤੂੰ ਲੇਟ ਕਿਉਂ ਆਇਆ?

ਬੱਚਾ: ਕਿਉਂਕਿ ਮੇਰਾ ਇਕ ਬੂਟ ਮੰਮੀ ਦੇ ਹੱਥ ਵਿੱਚ ਸੀ ਤੇ ਦੂਜਾ ਪਾਪਾ ਦੇ ਹੱਥ ਚ !

******************

ਪਤਨੀ:- ਤੁਹਾਨੂੰ ਪਤਾ ਸਾਡੇ ਪਿੰਡ ਚ ਪਹਿਲਾਂ ਰੇਡੀਓ ਮੇਰੇ ਪਾਪਾ ਲੈ ਕੇ ਆਏ ਸਨ!

ਪਤੀ: ਆਪਣੀ ਮਾਂ ਦੇ ਵਾਰੇ ਇੰਝ ਨਹੀਂ ਬੋਲਦੇ ਪਾਗਲ!

******************

ਲੜਕਾ: ( ਲੜਕੀ ਦੇ ਪਿਤਾ ਨੂੰ) ਮੈਂ ਤੁਹਾਡੀ ਬੇਟੀ ਵਿਆਹ ਕਰਵਾਉਣਾਂ ਚਹੁੰਦਾਂ!

ਪਿਤਾ :-ਕਿੰਨਾ ਕਮਾ ਲੈਂਦਾ ਹੈ?

ਲੜਕਾ :ਜੀ ਅਠਾਰਾਂ ਹਜ਼ਾਰ ਰੁਪਏ ਮਹੀਨਾ!

ਪਿਤਾ:ਓਏ ਪੰਦਰਾਂ ਹਜਾਰ ਰੁਪਏ ਤਾਂ ਮੈਂ ਆਪਣੀ ਬੇਟੀ ਨੂੰ ਪੈਕਟ ਮਨੀ ਦਿੰਦਾ ਹਾਂ

ਲੜਕਾ: ਜੀ ਉਹ 15 ਹਜ਼ਾਰ ਮਿਲਾ ਕੇ ਹੀ ਕੁਲ ਕਮਾਈ ਦੱਸ ਰਿਹਾ ਹਾਂ ਅੰਕਲ!

ਪੰਜਾਬੀ ਬਹੁਤ ਹੀ ਸ਼ਕਤੀਸ਼ਾਲੀ ਭਾਸ਼ਾ ਹੈ।

ਏਨੀ ਸ਼ਕਤੀਸ਼ਾਲੀ ਭਾਸ਼ਾ ਕਿ ਜਦੋਂ ਪਤਨੀਆਂ ਕਹਿੰਦੀਆਂ ਹਨ, ''ਪੰਜਾਬੀ ਵਿੱਚ ਸਮਝਾਵਾਂ?'' ਤਾਂ ਸਾਰੇ ਪਤੀ ਝੱਟ ਸਮਝ ਜਾਂਦੇ ਹਨ।

******************

ਪ੍ਰੇਮਿਕਾ, ''ਕੀ ਤੂੰ ਮੇਰੇ ਨਾਲ ਪਿਆਰ ਕਰਦਾ ਏਂ?''

ਪ੍ਰੇਮੀ, ''ਹਾਂ।''

ਪ੍ਰੇਮਿਕਾ, ''...ਪਰ ਤੈਨੂੰ ਤਾਂ ਮੇਰੀ ਕੋਈ ਪ੍ਰਵਾਹ ਹੀ ਨਹੀਂ।''

ਪ੍ਰੇਮੀ, ''ਪਿਆਰ ਕਰਨ ਵਾਲੇ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਹੁੰਦੇ।''

ਕੱਲ੍ਹ ਰਾਤ ਖੁਦ ਯਮਰਾਜ ਮੇਰੇ ਸੁਫਨੇ ਵਿੱਚ ਆਏ ਅਤੇ ਕਹਿਣ ਲੱਗੇ, ''ਤੇਰੀ ਜਾਨ ਲੈਣ ਆਇਆ ਹਾਂ।''

ਮੈਂ ਵੀ ਕਹਿ ਦਿੱਤਾ, ''ਲੈ ਜਾਓ, ਮੇਰੇ ਨਾਲ ਦੇ ਘਰ ਵਿੱਚ ਹੀ ਰਹਿੰਦੀ ਹੈ।''

******************

**ਸਿਆਣੇ ਵਕੀਲ!**

ਜਹਾਜ਼ ਵਿੱਚ ਪਾਇਲਟ ਤੋਂ ਇਲਾਵਾ ਚਾਰ ਲੋਕ, ਇੱਕ ਡਾਕਟਰ, ਇੱਕ ਨੌਜਵਾਨ, ਇੱਕ ਵਕੀਲ ਅਤੇ ਇੱਕ ਬਜ਼ੁਰਗ ਵਿਅਕਤੀ ਸਵਾਰ ਸਨ।

ਉਡਾਣ ਦੌਰਾਨ ਅਚਾਨਕ ਜਹਾਜ਼ ਦਾ ਇੰਜਣ ਖ਼ਰਾਬ ਹੋ ਗਿਆ, ਪਾਇਲਟ ਨੇ ਐਲਾਨ ਕਰ ਦਿੱਤਾ, "ਹੁਣ ਇਸ ਜਹਾਜ਼ ਦਾ ਬਚਣਾ ਸੰਭਵ ਨਹੀਂ ਹੈ। ਮੇਰੇ ਕੋਲ ਮੇਰਾ ਪੈਰਾਸ਼ੂਟ ਹੈ, ਮੈਂ ਛਾਲ ਮਾਰ ਰਿਹਾ ਹਾਂ ਅਤੇ ਜਹਾਜ਼ ਵਿੱਚ ਸਿਰਫ਼ ਤਿੰਨ ਪੈਰਾਸ਼ੂਟ ਹਨ ਇੱਕ ਨੂੰ ਮਰਨਾ ਪਵੇਗਾ।"ਇਹ ਸੁਣ ਕੇ ਡਾਕਟਰ ਨੇ ਕਿਹਾ, "ਮੈਨੂੰ ਬਚਾਉਣਾ ਜ਼ਰੂਰੀ ਹੈ, ਮੈਨੂੰ ਲੋਕਾਂ ਦੀ ਲੋੜ ਹੈ, ਇਹ ਕਹਿ ਕੇ ਉਸ ਨੇ ਪੈਰਾਸ਼ੂਟ ਚੁੱਕਿਆ ਅਤੇ ਛਾਲ ਮਾਰ ਦਿੱਤੀ।"ਹੁਣ ਦੋ ਪੈਰਾਸ਼ੂਟ ਬਚੇ ਸਨ, ਵਕੀਲ ਆਪਣੀ ਥਾਂ ਤੋਂ ਉਠਿਆ ਅਤੇ ਕਿਹਾ, "ਮੈਂ ਹੁਣੇ ਇੱਕ ਜ਼ਰੂਰੀ ਕੇਸ ਲਈ ਲਾਬੀ ਕਰਨ ਗਿਆ ਹਾਂ ਜਿਸ ਵਿੱਚ ਬਹੁਤ ਸਾਰੇ ਲੋਕਾਂ ਦੀ ਜਾਨ ਦਾ ਸਵਾਲ ਹੈ ਅਤੇ ਵੈਸੇ ਵੀ ਲੋਕਾਂ ਨੂੰ ਮੇਰੀ ਜ਼ਰੂਰਤ ਹੈ, ਇਸ ਲਈ ਮੇਰਾ ਬਚਣਾ ਜ਼ਰੂਰੀ ਹੈ।ਉਸਨੇ ਵੀ ਇੱਕ ਪੈਰਾਸ਼ੂਟ ਚੁੱਕਿਆ ਅਤੇ ਛਾਲ ਮਾਰ ਦਿੱਤੀ।"ਹੁਣ ਸਿਰਫ ਇੱਕ ਪੈਰਾਸ਼ੂਟ ਬਚਿਆ ਸੀ।ਬੁੱਢੇ ਨੇ ਨੌਜਵਾਨ ਵੱਲ ਦੇਖ ਕੇ ਕਿਹਾ, "ਬੇਟਾ, ਮੈਂ ਆਪਣੀ ਜ਼ਿੰਦਗੀ ਜੀਅ ਲਿਆ ਹੈ ਅਤੇ ਦੋ-ਚਾਰ ਸਾਲਾਂ ਵਿੱਚ ਮਰਨ ਵਾਲਾ ਹਾਂ, ਤੇਰੇ ਸਾਹਮਣੇ ਤੇਰੀ ਸਾਰੀ ਜ਼ਿੰਦਗੀ ਹੈ, ਇਹ ਚੁੱਕ ਲੈ। ਪੈਰਾਸ਼ੂਟ ਅਤੇ ਛਾਲ ਮਾਰੋ।"ਬੱਚੇ ਨੇ ਕਿਹਾ, "ਚਿੰਤਾ ਨਾ ਕਰੋ, ਅਸੀਂ ਦੋਵੇਂ ਬਚ ਜਾਵਾਂਗੇ, ਵਕੀਲ ਨੇ ਪੈਰਾਸ਼ੂਟ ਦੀ ਬਜਾਏ ਮੇਰੇ ਕੱਪੜਿਆਂ ਦਾ ਬੈਗ ਲੈ ਕੇ ਛਾਲ ਮਾਰ ਦਿੱਤੀ ਹੈ।"

******************

**ਇੱਕ ਬਹਾਦਰ ਵਕੀਲ ਦੀ ਕਹਾਣੀ!**

ਦੰਦਾਂ ਦੇ ਡਾਕਟਰ ਨੇ ਵਕੀਲ ਨੂੰ ਦੰਦ ਕਢਵਾਉਣ ਦੀ ਕੀਮਤ ਦੱਸੀ, 1200/- ਰੁਪਏ!

ਵਕੀਲ : ਕੋਈ ਸਸਤਾ ਇਲਾਜ ਨਹੀਂ ਹੈ ਡਾਕਟਰ?

ਡਾਕਟਰ: 300 ਰੁਪਏ ਵਿੱਚ ਬਿਨਾਂ ਬੇਹੋਸ਼ੀ ਦੀ ਦਵਾਈ ਨਾਲ ਜਾਵੇਗਾ, ਪਰ ਦਰਦ ਬਹੁਤ ਸਹਿਣਾ ਪਵੇਗਾ।

ਵਕੀਲ: ਠੀਕ ਹੈ ਡਾਕਟਰ, ਬਿਨਾਂ ਬੇਹੋਸ਼ੀ ਦੀ ਦਵਾਈ ਦੇ ਕਰੋ।

ਡਾਕਟਰ ਨੇ ਦੰਦ ਕੱਢ ਦਿੱਤਾ! ਡਾਕਟਰ ਹੈਰਾਨ ਸੀ ਕਿ ਵਕੀਲ ਦਰਦ ਨਾਲ ਰੋਇਆ ਵੀ ਨਹੀਂ, ਸਗੋਂ ਮੁਸਕਰਾਉਂਦਾ ਰਿਹਾ!ਡਾਕਟਰ ਨੇ 300 ਰੁਪਏ ਵੀ ਨਹੀਂ ਲਏ ਸਗੋਂ ਆਪਣੀ ਤਰਫੋਂ ਉਸ ਨੂੰ 500/- ਰੁਪਏ ਦਾ ਇਨਾਮ ਦਿੱਤਾ ਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਅਜਿਹਾ ਬਹਾਦਰ ਵਿਅਕਤੀ ਕਦੇ ਨਹੀਂ ਦੇਖਿਆ ਸੀ।ਸ਼ਾਮ ਨੂੰ ਡਾਕਟਰਾਂ ਦੇ ਕਲੱਬ ਵਿੱਚ ਹੋਰ ਡਾਕਟਰਾਂ ਨਾਲ, ਉਸਨੇ ਵਕੀਲ ਦੀ ਹਿੰਮਤ ਬਾਰੇ ਇੱਕ ਕਿੱਸਾ ਸਾਂਝਾ ਕੀਤਾ!ਸਾਰੇ ਡਾਕਟਰਾਂ ਵਿੱਚੋਂ ਇੱਕ ਡਾਕਟਰ ਉੱਠਿਆ ਅਤੇ ਉੱਚੀ-ਉੱਚੀ ਬੋਲਿਆ, "ਉਏ, ਉਹ ਵਕੀਲ ਪਹਿਲਾਂ ਮੇਰੇ ਕੋਲ ਆਇਆ ਸੀ! ਮੈਂ ਉਸਨੂੰ ਬੇਹੋਸ਼ੀ ਦੀ ਦਵਾਈ ਦਿੱਤੀ ਅਤੇ ਉਸਨੂੰ ਅੱਧਾ ਘੰਟਾ ਬਾਹਰ ਇੰਤਜ਼ਾਰ ਕਰਨ ਲਈ ਕਿਹਾ! ਅੱਧੇ ਘੰਟੇ ਬਾਅਦ ਜਦੋਂ ਮੈਂ ਉਸਨੂੰ ਬੁਲਾਇਆ ਤਾਂ ਮੈਨੂੰ ਪਤਾ ਲੱਗਿਆ ਕਿ ਉਹ ਭੱਜ ਗਿਆ ਸੀ!

******************

**ਬੁੱਧੀਮਾਨ ਡਾਕਟਰ**

ਇੱਕ ਡਾਕਟਰ ਨੇ ਨਵਾਂ ਕਲੀਨਿਕ ਖੋਲ੍ਹਿਆ ਅਤੇ ਬਾਹਰ ਇੱਕ ਬੋਰਡ ਟੰਗ ਦਿੱਤਾ, ਜਿਸ 'ਤੇ ਲਿਖਿਆ ਸੀ, "ਕਿਸੇ ਵੀ ਬਿਮਾਰੀ ਦਾ ਇਲਾਜ ਸਿਰਫ਼ 300/- ਰੁਪਏ ਵਿੱਚ ਕਰਵਾਉ ਅਤੇ ਜੇਕਰ ਅਸੀਂ ਤੁਹਾਡਾ ਇਲਾਜ ਨਹੀਂ ਕਰ ਸਕੇ ਤਾਂ ਅਸੀਂ ਤੁਹਾਨੂੰ 1000/- ਰੁਪਏ ਦੇਵਾਂਗੇ"।ਇਸ ਬੋਰਡ ਨੂੰ ਪੜ੍ਹ ਕੇ ਇੱਕ ਦਿਨ ਇੱਕ ਆਦਮੀ ਦੇ ਮਨ ਵਿੱਚ ਖਿਆਲ ਆਇਆ ਕਿ ਕਿਉਂ ਨਾ ਕੋਈ ਚਾਲ ਚਲਾ ਕੇ 1000/- ਰੁਪਏ ਕਮਾਈਏ। ਇਹ ਸੋਚ ਕੇ ਉਹ ਆਦਮੀ ਡਾਕਟਰ ਕੋਲ ਪਹੁੰਚ ਗਿਆ।

ਡਾਕਟਰ: ਆ ਬੈਠੋ, ਦੱਸ ਤੈਨੂੰ ਕੀ ਹੋਇਆ?

ਆਦਮੀ: ਡਾਕਟਰ ਜੀ, ਮੇਰਾ ਸੁਆਦ ਖਤਮ ਹੋ ਗਿਆ ਹੈ। ਜਦੋਂ ਮੈਂ ਕੁਝ ਖਾਂਦਾ ਜਾਂ ਪੀਂਦਾ ਹਾਂ ਤਾਂ ਮੈਨੂੰ ਸਵਾਦ ਦਾ ਵੀ ਪਤਾ ਨਹੀਂ ਹੁੰਦਾ।

ਡਾਕਟਰ ਨੇ ਸਾਰੀ ਗੱਲ ਸੁਣੀ ਅਤੇ ਨਰਸ ਨੂੰ 22 ਨੰਬਰ ਦੀ ਬੋਤਲ ਵਿੱਚੋਂ ਕੁਝ ਬੂੰਦਾਂ ਆਪਣੀ ਜੀਭ 'ਤੇ ਪਾਉਣ ਲਈ ਕਿਹਾ।

ਜਿਵੇਂ ਹੀ ਨਰਸ ਨੇ ਬੂੰਦਾਂ ਆਦਮੀ ਦੀ ਜੀਭ 'ਤੇ ਪਾਈਆਂ, ਆਦਮੀ ਉੱਚੀ ਉੱਚੀ ਬੋਲਿਆ, "ਇਹ ਪਿਸ਼ਾਬ ਹੈ।"

ਡਾਕਟਰ: ਮੁਬਾਰਕਾਂ ਤੁਹਾਡਾ ਸੁਆਦ ਵਾਪਸ ਆ ਗਿਆ ਹੈ।

ਉਹ ਆਦਮੀ ਬਹੁਤ ਸ਼ਰਮਿੰਦਾ ਸੀ ਅਤੇ ਉਸਨੂੰ 300/- ਰੁਪਏ ਵੀ ਗੁਆਉਣੇ ਪਏ।

ਕੁਝ ਦਿਨਾਂ ਬਾਅਦ ਉਹ ਫਿਰ ਆਪਣਾ ਹਿਸਾਬ-ਕਿਤਾਬ ਨਿਪਟਾਉਣ ਲਈ ਡਾਕਟਰ ਕੋਲ ਪਹੁੰਚ ਗਿਆ।

ਡਾਕਟਰ : ਹੁਣ ਕੀ ਹੋਇਆ ?

ਆਦਮੀ: ਡਾਕਟਰ, ਮੇਰੀ ਯਾਦਦਾਸ਼ਤ ਖਤਮ ਹੋ ਗਈ ਹੈ।

ਡਾਕਟਰ ਨੇ ਨਰਸ ਨੂੰ ਕਿਹਾ ਕਿ 22 ਨੰਬਰ ਦੀ ਬੋਤਲ ਵਿੱਚੋਂ ਦਵਾਈ ਕੱਢ ਕੇ ਉਨ੍ਹਾਂ ਨੂੰ ਦੇ ਦਿਓ।

ਇਹ ਸੁਣ ਕੇ ਉਹ ਆਦਮੀ ਝੱਟ ਬੋਲਿਆ, "ਡਾਕਟਰ, ਉਹ ਦਵਾਈ ਤਾਂ ਸੁਆਦ ਨੂੰ ਵਾਪਸ ਲਿਆਉਣ ਲਈ ਹੈ, ਹੈ ਨਾ?"

ਡਾਕਟਰ: ਵਧਾਈ, ਤੁਹਾਡੀ ਯਾਦਦਾਸ਼ਤ ਵੀ ਵਾਪਸ ਆ ਗਈ ਹੈ।

******************

ਅਧਿਆਪਕ (ਵਿਦਿਆਰਥੀ ਨੂੰ), ''ਬਿਜਲੀ ਕਿੱਥੋਂ ਆਉਂਦੀ ਹੈ?'' ਵਿਦਿਆਰਥੀ, ''ਮੇਰੇ ਮਾਮੇ ਦੇ ਘਰੋਂ।''

ਅਧਿਆਪਕ, ''ਉਹ ਕਿਵੇਂ?''

ਵਿਦਿਆਰਥੀ, ''ਜਦੋਂ ਬਿਜਲੀ ਜਾਂਦੀ ਹੈ ਤਾਂ ਪਾਪਾ ਕਹਿੰਦੇ ਹਨ ਕਿ ਸਾਲਿਆਂ ਨੇ ਫਿਰ ਬਿਜਲੀ ਬੰਦ ਕਰ ਦਿੱਤੀ।''

************

ਨਰੇਸ਼, ''ਮੋਟਰ ਸਾਈਕਲ ਤੇ ਬੁਆਏ ਫ੍ਰੈਂਡ 'ਚ ਕੀ ਫਰਕ ਹੈ?''

ਪ੍ਰਵੇਸ਼, ''ਮੋਟਰ ਸਾਈਕਲ ਨੂੰ ਪਹਿਲਾਂ ਕਿੱਕ ਮਾਰੀ ਜਾਂਦੀ ਤੇ ਫਿਰ ਵਰਤੋਂ ਕੀਤੀ ਜਾਂਦੀ ਹੈ। ਬੁਆਏਫ੍ਰੈਂਡ ਦੀ ਪਹਿਲਾਂ ਵਰਤੋਂ ਕੀਤੀ ਜਾਂਦੀ ਹੈ, ਫਿਰ ਕਿੱਕ ਮਾਰੀ ਜਾਂਦੀ ਹੈ।''

************

ਮਨੋਜ, ''ਮੈਂ ਬੜਾ ਖੁਸ਼ਕਿਸਮਤ ਹਾਂ ਕਿ ਮੇਰੀ ਪਤਨੀ ਮੇਰੇ ਸਾਹਮਣੇ ਝੁਕਦੀ ਹੈ, ਜਦੋਂ ਮੈਂ ਉਸ ਨਾਲ ਗੱਲ ਕਰਦਾ ਹਾਂ।''

ਵਿਆਸ, ''ਉਹ ਕਿਵੇਂ?''

ਮਨੋਜ, ''ਕਿਉਂਕਿ ਮੇਰੇ ਨਾਲੋਂ ਲੰਮੀ ਹੈ।''

************

ਔਰਤ (ਡਾਕਟਰ ਨੂੰ), ''ਮੇਰੇ ਪਤੀ ਰਾਤ ਨੂੰ ਸੁੱਤੇ ਪਏ ਬੋਲਦੇ ਹਨ।''

ਡਾਕਟਰ, ''ਤੁਸੀਂ ਉਨ੍ਹਾਂ ਨੂੰ ਦਿਨ ਵੇਲੇ ਬੋਲਣ ਦਾ ਮੌਕਾ ਦਿਓ, ਉਹ ਠੀਕ ਹੋ ਜਾਣਗੇ।''

************

ਪਤਨੀ (ਪਤੀ ਨੂੰ), ''ਤੂੰ ਕਦੇ ਸੋਚਿਆ ਹੈ ਕਿ ਮੇਰਾ ਵਿਆਹ ਕਿਸੇ ਹੋਰ ਨਾਲ ਹੋ ਜਾਂਦਾ ਤਾਂ ਕੀ ਹੁੰਦਾ?''
ਪਤੀ, ''ਮੈਂ ਕਦੇ ਦੂਜਿਆਂ ਦਾ ਬੁਰਾ ਨਹੀਂ ਸੋਚਦਾ।''

************

ਸ਼ੋਭਾ ਤੇ ਉਸ ਦਾ ਪਤੀ ਵਿਕਰਮ ਫਿਲਮ ਦੇਖਣ ਗਏ ਤਾਂ ਵਿਕਰਮ ਨੇ ਇਕ ਪਾਨ ਖਰੀਦਿਆ।

ਸ਼ੋਭਾ ਬੋਲੀ, ''ਇਕ ਆਪਣੇ ਲਈ ਵੀ ਲੈ ਆਉਂਦੇ।''

ਵਿਕਰਮ, ''ਮੈਂ ਬਿਨਾਂ ਪਾਨ ਖਾਧੇ ਵੀ ਚੁੱਪ ਰਹਿ ਸਕਦਾ ਹਾਂ।''

************

ਇਕ ਔਰਤ (ਗੁਆਂਢਣ ਨੂੰ), ''ਮੇਰੇ ਪਤੀ ਦੀ ਖਾਸੀਅਤ ਹੈ ਕਿ ਉਹ ਖਰਾਬ ਤੋਂ ਖਰਾਬ ਚੀਜ਼ਾਂ ਦੀ ਵੀ ਖੂਬ ਵਧਾ ਚੜ੍ਹਾ ਕੇ ਪ੍ਰਸ਼ੰਸਾ ਕਰਦੇ ਹਨ।''

ਗੁਆਂਢਣ, ''ਹਾਏ ਰੱਬਾ! ਤਦੇ ਮੈਂ ਸੋਚਾਂ ਕਿ ਉਹ ਜਦੋਂ ਵੀ ਸਾਡੇ ਘਰ ਆਉਂਦੇ ਹਨ ਤਾਂ ਤੇਰੀਆਂ ਤਾਰੀਫਾਂ ਦੇ ਪੁਲ ਕਿਉਂ ਬੰਨ੍ਹਦੇ ਰਹਿੰਦੇ ਹਨ?''

************

ਪਤਨੀ, ''ਜਦੋਂ ਮੈਂ ਮਰ ਜਾਵਾਂਗੀ ਤਾਂ ਤੁਸੀਂ ਕੀ ਕਰੋਗੇ?'' ਪਤੀ, ''ਮੈਂ ਵੀ ਮਰ ਜਾਵਾਂਗਾ।''

ਪਤਨੀ, ''ਕਿਉਂ?''

ਪਤੀ, ''ਕਿਉਂਕਿ ਕਈ ਵਾਰ ਜ਼ਿਆਦਾ ਖੁਸ਼ੀ ਨਾਲ ਵੀ ਆਦਮੀ ਮਰ ਜਾਂਦਾ ਹੈ।''

************


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All



AMAYA LIVING



60 LUXURIOUS CONDOS

• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

## ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਕੈਦੀ ਆਪਣੇ ਪਰਿਵਾਰਾਂ ਨੂੰ ਮਿਲਣਗੇ:ਸ਼੍ਰੋਮਣੀ ਕਮੇਟੀ ਨੇ ਲਈ ਇਜਾਜ਼ਤ

ਅੰਮ੍ਰਿਤਸਰ:- ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਐਨਐਸਏ ਲਾਏ ਜਾਣ ਮਗਰੋਂ ਡਿਬਰੂਗੜ੍ਹ ਭੇਜੇ ਗਏ ਕਾਮਰੇਡਾਂ ਦੇ ਪਰਿਵਾਰ ਕਰੀਬ ਇੱਕ ਮਹੀਨੇ ਬਾਅਦ ਉਨ੍ਹਾਂ ਨੂੰ ਮਿਲਣਗੇ। ਹਾਲ ਹੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਵੱਲੋਂ ਡਿਬਰੂਗੜ੍ਹ ਅਸਾਮ ਵਿੱਚ ਭੇਜੇ ਵਕੀਲਾਂ ਦੇ ਵਫ਼ਦ ਨੇ ਵੀ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟਰੇਟ ਤੋਂ ਇਜਾਜ਼ਤ ਲੈ ਲਈ ਹੈ।

ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਹਰਜਿੰਦਰ ਸਿੰਘ ਧਾਮੀ ਵੱਲੋਂ ਗਠਿਤ ਕਾਨੂੰਨੀ ਟੀਮ ਦੀ ਅਗਵਾਈ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਕਰ ਰਹੇ ਹਨ। ਐਡਵੋਕੇਟ ਸਿਆਲਕਾ ਨੇ ਦੱਸਿਆ ਕਿ 10 ਅਪਰੈਲ ਨੂੰ ਗ੍ਰਿਫ਼ਤਾਰ ਨੌਜਵਾਨਾਂ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਮਿਲਿਆ ਸੀ। 12 ਅਪਰੈਲ ਨੂੰ ਉਨ੍ਹਾਂ ਦੀ ਵਾਪਸੀ ਤੋਂ ਬਾਅਦ, ਜ਼ਿਲ੍ਹਾ ਮੈਜਿਸਟਰੇਟ ਅੱਗੇ ਪਰਿਵਾਰਾਂ ਨੂੰ ਮਿਲਣ ਲਈ ਅਰਜ਼ੀ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਯਤਨਾਂ ਸਦਕਾ ਹੁਣ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਗਈ ਹੈ।

## ਸਰਕਾਰੀ ਸਮਾਗਮ 'ਚ ਤੇਜ਼ ਗਰਮੀ ਕਾਰਨ 12 ਮੌਤਾਂ, 600 ਬਿਮਾਰ

ਨਵੀਂ ਦਿੱਲੀ— ਨਵੀਂ ਮੁੰਬਈ 'ਚ ਮਹਾਰਾਸ਼ਟਰ ਭੂਸ਼ਣ ਪੁਰਸਕਾਰ ਸਮਾਰੋਹ 'ਚ ਮੌਜੂਦ ਘੱਟੋ-ਘੱਟ 12 ਲੋਕਾਂ ਦੀ ਹੀਟ ਸਟ੍ਰੋਕ ਕਾਰਨ ਮੌਤ ਹੋ ਗਈ ਹੈ।ਪ੍ਰੋਗਰਾਮ ਵਿੱਚ ਹਿੱਸਾ ਲੈਣ ਤੋਂ ਬਾਅਦ ਹੋਰ 600 ਲੋਕ ਗਰਮੀ ਨਾਲ ਸਬੰਧਤ ਸਿਹਤ ਸਮੱਸਿਆਵਾਂ ਲਈ ਇਲਾਜ ਅਧੀਨ ਹਨ।ਮਹਾਰਾਸ਼ਟਰ ਭੂਸ਼ਣ ਪੁਰਸਕਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਮੌਜੂਦਗੀ ਵਿੱਚ ਵੰਡੇ।ਟਾਈਮਜ਼ ਆਫ਼ ਇੰਡੀਆ ਦੇ ਅਨੁਸਾਰ, ਸਰਕਾਰ ਨੇ ਕਿਹਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ 12 ਹੈ, ਅਣਅਧਿਕਾਰਤ ਗਿਣਤੀ 13 ਹੋ ਸਕਦੀ ਹੈ। ਕਈ ਲੋਕਾਂ ਨੇ ਹੀਟ ਸਟ੍ਰੋਕ ਦੀ ਸ਼ਿਕਾਇਤ ਕੀਤੀ ਅਤੇ ਬੇਹੋਸ਼ ਹੋ ਗਏ। ਇਸ ਦੌਰਾਨ ਭਗਦੜ ਵਰਗੀ ਸਥਿਤੀ ਪੈਦਾ ਹੋ ਗਈ।

## ਜੇਕਰ ਮੋਦੀ ਅਜੇ ਵੀ ਨਾ ਜਾਗੇ ਤਾਂ ਅਡਾਨੀ ਉਨ੍ਹਾਂ ਨੂੰ ਖ਼ਤਮ ਕਰ ਦੇਣਗੇ:ਸਤਿਆਪਾਲ ਮਲਿਕ

ਨਵੀਂ ਦਿੱਲੀ—ਪੱਤਰਕਾਰ ਕਰਨ ਥਾਪਰ ਨਾਲ ਗੱਲਬਾਤ ਦੌਰਾਨ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਨੇ ਪਿਛਲੇ ਕੁਝ ਮਹੀਨਿਆਂ ਤੋਂ ਵਿਵਾਦਾਂ ਦੇ ਕੇਂਦਰ 'ਚ ਬਣੇ ਕਾਰੋਬਾਰੀ ਗੌਤਮ ਅਡਾਨੀ ਅਤੇ ਨਰਿੰਦਰ ਮੋਦੀ ਸਰਕਾਰ 'ਤੇ ਵਿਰੋਧੀ ਧਿਰ ਦੇ ਦੋਸ਼ਾਂ ਬਾਰੇ ਵੀ ਗੱਲ ਕੀਤੀ।ਜਵਾਬ 'ਚ ਮਲਿਕ ਨੇ ਕਿਹਾ, ...ਪਹਿਲੇ ਦਿਨ ਤੋਂ ਹੀ ਮੋਦੀ ਨੂੰ ਅਡਾਨੀ ਦੇ ਹੱਥਾਂ ਤੋਂ ਛੁਟਕਾਰਾ ਪਾ ਲੈਣਾ ਚਾਹੀਦਾ ਸੀ ਕਿਉਂਕਿ ਇਸ ਵਿਚ ਬਹੁਤ ਨੁਕਸਾਨ ਹੋ ਗਿਆ ਹੈ। ਮਾਮਲਾ ਤਹਿ ਤੱਕ ਚਲਾ ਗਿਆ ਹੈ। ਹੁਣੇ ਮੈਂ ਯੂ-ਟਿਊਬ 'ਤੇ ਗੀਤ ਸੁਣ ਰਿਹਾ ਸੀ, ਇਕ ਦਲਿਤ ਕੁੜੀ ਹੈ, ਉਹ ਗੀਤ ਗਾ ਰਹੀ ਹੈ 'ਯੇ ਨਾ ਚਾਹਵਾਲਾ ਹੈ, ਨਾ ਗਵਾਲਾ ਹੈ, ਅੰਬਾਨੀ-ਅਡਾਨੀ ਕਾ ਯੇ ਲਗਤਾ ਸਾਲਾ ਹੈ, ' -, ਤਾਂ ਤੁਸੀਂ ਸਮਝਦੇ ਹੋ ਕਿ ਨੁਕਸਾਨ ਹੋਇਆ ਹੈ ਜਾਂ ਨਹੀਂ।ਥਾਪਰ ਕਹਿੰਦੇ ਹਨ, 'ਇਸ ਦਾ ਮਤਲਬ ਪ੍ਰਧਾਨ ਮੰਤਰੀ ਚੁੱਪਚਾਪ ਧਮਕੀਆਂ ਨਾਲ ਖੇਡ ਰਹੇ ਹਨ?'ਮਲਿਕ ਨੇ ਸਿਰ ਹਿਲਾ ਕੇ ਕਿਹਾ, 'ਹਾਂ, ਮੈਨੂੰ ਨਹੀਂ ਪਤਾ ਕਿ ਕੋਈ ਉਸ ਨੂੰ ਸਲਾਹ ਦਿੰਦਾ ਹੈ ਜਾਂ ਨਹੀਂ, ਮੈਂ ਦੇ ਰਿਹਾ ਹਾਂ। ਮੈਂ ਜੋਖਮ ਲੈ ਰਿਹਾ ਹਾਂ ਕਿ ਕਿਰਪਾ ਕਰਕੇ ਅਡਾਨੀ ਤੋਂ ਛੁਟਕਾਰਾ ਪਾਓ। ਜੇ ਮੋਦੀ ਮੈਨੂੰ ਬੁਲਾਉਂਦੇ ਹਨ, ਮੈਂ ਉਨ੍ਹਾਂ ਨੂੰ ਇਹ ਕੰਮ ਕਰਨ ਲਈ ਕਹਾਂਗਾ।

## ਯੂਪੀ ਵਿਚ ਮਾਰੇ ਗਏ ਅਤੀਕ ਅਹਿਮਦ ਦੇ ਵਕੀਲ ਦੇ ਘਰ ਨੇੜੇ ਕੱਚਾ ਬੰਬ ਸੁੱਟਿਆ ਗਿਆ

ਪ੍ਰਯਾਗਰਾਜ:ਮੁਸਲਿਮ ਸਿਆਸਤਦਾਨ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਦੀ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਤੋਂ ਕੁਝ ਦਿਨ ਬਾਅਦ, ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਪ੍ਰਯਾਗਰਾਜ ਸ਼ਹਿਰ (ਪਹਿਲਾਂ ਇਲਾਹਾਬਾਦ) ਦੇ ਕਟੜਾ ਖੇਤਰ ਵਿਚ ਅਤੀਕ ਦੇ ਵਕੀਲ ਦੇ ਘਰ ਨੇੜੇ ਇਕ ਦੇਸੀ ਬੰਬ ਧਮਾਕਾ ਹੋਇਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ।










# SIKH ACADEMY

12895-85Ave, Surrey, BC V3W 0K8
Ph:604-599-3828 Email:admin@sikhacademy.ca



## ਸਿੱਖ ਅਕੈਡਮੀ ਦੇ ਸਮੂਹ ਸਟਾਫ ਅਤੇ ਪ੍ਰਬੰਧਕਾਂ ਵੱਲੋਂ
## ਖਾਲਸਾ ਸਾਜਨਾ ਦਿਵਸ ਦੀ ਆਪ ਸਭ ਨੂੰ

# ਲੱਖ ਲੱਖ ਵਧਾਈ

ਆਪਣੇ ਬੱਚਿਆਂ ਦੇ ਭਵਿੱਖ ਨੂੰ ਉਜਵਲ ਕਰਨ ਲਈ ਸਿੱਖ ਅਕੈਡਮੀ ਸਰੀ ਵਿੱਚ ਦਾਖਲ ਕਰਵਾਉ।ਇੱਥੇ ਉੱਚ ਦਰਜੇ ਦੀ ਸਕੂਲੀ ਪੜ੍ਹਾਈ ਦੇ ਨਾਲ ਨਾਲ ਪੰਜਾਬੀ, ਕੀਰਤਨ, ਤਬਲਾ ਅਤੇ ਸੱਭਿਆਚਾਰਕ ਵਿਸ਼ਿਆਂ ਦੀ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਹੈ।





# ਸਿਆਟਲ ਦੇ ਖ਼ਾਲਸਾ ਗੁਰਮਤਿ ਸੈਂਟਰ ਵੱਲੋਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ




























ਸਿਆਟਲ,-ਸਿਆਟਲ ਦੇ ਖ਼ਾਲਸਾ ਗੁਰਮਤਿ ਸੈਂਟਰ ਫੈਡਰਲਵੇਅ ਵੱਲੋਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਅਤੇ ਨਗਰ ਕੀਰਤਨ ਸਜਾਏ ਗਏ। ਸਵੇਰੇ ਧਾਰਮਿਕ ਦੀਵਾਨ ਸਜਾਏ ਗਏ, ਜਿਸ 'ਚ ਖ਼ਾਲਸਾ ਗੁਰਮਤਿ ਸੈਂਟਰ ਦੇ ਬੱਚਿਆਂ ਨੇ ਕੀਰਤਨ, ਭਾਸ਼ਣ ਕੀਤਾ। ਇਸ ਮੌਕੇ ਭਾਈ ਕੁਲਵਿੰਦਰ ਸਿੰਘ ਦੇ ਰਾਗੀ ਜਥੇ ਨੇ ਵੀ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਕਈ ਪ੍ਰਚਾਰਕਾਂ ਨੇ ਖ਼ਾਲਸੇ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਗੁਰਮਤਿ ਸੈਂਟਰ ਦੇ ਮੁੱਖ ਪ੍ਰਬੰਧਕ ਡਾ. ਜਸਮੀਤ ਸਿੰਘ ਨੇ ਸੰਗਤਾਂ ਨੂੰ ਖ਼ਾਲਸੇ ਦੇ ਸਿਰਜਨਾ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਬਾਅਦ ਦੁਪਹਿਰ ਨਗਰ ਕੀਰਤਨ ਸਜਾਇਆ ਗਿਆ, ਜਿਸ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਸੁੰਦਰ ਫਲੋਟ 'ਤੇ ਸਜਾਇਆ ਗਿਆ ਸੀ। ਫਲੋਟ ਦੇ ਨਾਲ-ਨਾਲ ਸਾਰੀ ਸੰਗਤ ਪੈਦਲ ਚੱਲ ਰਹੀ ਸੀ। ਗਤਕਾ ਪਾਰਟੀਆਂ ਨੇ ਆਪਣੇ ਜੌਹਰ ਵਿਖਾਏ। ਇਸ ਸ਼ੁੱਭ ਮੌਕੇ ਸਟੇਟ ਸੈਨੇਟਰ ਮੋਨਿਕਾ ਢੀਂਗਰਾ, ਸੈਨੇਟਰ ਕਲੇਅਰ ਵਿਲਸਨ, ਸਟੇਟ ਰੀਪਰਜੈਂਟਰ ਜਮੇਲਾ ਟੈਅਲੋਰ, ਕੈਂਟ ਸਿਟੀ ਦੀ ਮੇਅਰ ਡੈਨਾ ਰਾਲਿਫ, ਡਿਪਟੀ ਮੇਅਰ ਆਬਰਨ ਜੈ ਰਾਜ, ਹੀਰਾ ਸਿੰਘ ਭੁੱਲਰ, ਸਿੱਖ ਚਿੰਤਕ ਸਤਪਾਲ ਸਿੰਘ ਪੁਰੇਵਾਲ, ਪ੍ਰਸਿੱਧ ਬੁਲਾਰੇ ਇੰਦਰਜੀਤ ਸਿੰਘ ਬੱਲੋਵਾਲ, ਪੰਜਾਬੀ ਸੱਭਿਆਚਾਰ ਮੰਚ ਦੇ ਪ੍ਰਧਾਨ ਜੋਗਾ ਸਿੰਘ, ਸਤਨਾਮ ਸਿੰਘ ਬਿੱਲਾ, ਹਰਨੇਕ ਸਿੰਘ ਫਗਵਾੜਾ, ਕਿਸ਼ਨ ਸਿੰਘ ਸੈਣੀ, ਗੁਰਨਾਮ ਸਿੰਘ ਕੋਛਰ, ਗੁਰਿੰਦਰ ਸਿੰਘ ਗਰੇਵਾਲ, ਸਿਮਰਨ ਸਿੰਘ, ਹਰਬੀਰ ਸਿੰਘ ਹਨੀ, ਹਰਿੰਦਰ ਸਿੰਘ ਹੈਰੀ, ਤਰਸੇਮ ਸਿੰਘ ਸੈਣੀ, ਕੁਲਵਿੰਦਰ ਸਿੰਘ ਫਰੂਟੀਕੈਨਾ, ਰਣਜੀਤ ਕੌਰ ਪੰਨੂੰ, ਪੁਸ਼ਪਾ ਰਾਣੀ, ਪਲਕੀ ਕਸ਼ਅਪ, ਕੈਂਟ ਸਿਟੀ ਮੈਂਬਰ ਸਤਵਿੰਦਰ ਕੌਰ ਆਦਿ ਸ਼ਾਮਿਲ ਸਨ।


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਬ ਦੇ
ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca Web:www.peacefurniture.ca